# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 22.01.2016 ਨੂੰ ਦੁਪਹਿਰ 2.00 ਵਜੇ

ਅੱਜ ਮਿਤੀ 22.01.2016 ਨੂੰ ਦੁਪਹਿਰ 2.00 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੌਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੌਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਪਰਮਿੰਦਰ ਕੌਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 10 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 11 | ਹਰਜਿੰਦਰ ਸਿੰਘ | 11 | ਕੌਂਸਲਰ |
| 12 | ਪੰਕਜ ਅਰੋੜਾ | 12 | ਕੌਂਸਲਰ |
| 13 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 14 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 15 | ਹਰਮਿੰਦਰ ਸਿੰਘ | 17 | ਕੌਂਸਲਰ |
| 16 | ਰਾਜਾ ਸਿੰਘ | 18 | ਕੌਂਸਲਰ |
| 17 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 18 | ਦਰਸ਼ਨ ਕੁਮਾਰ | 20 | ਕੌਂਸਲਰ |
| 19 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 20 | ਸੁਖਮਿੰਦਰ ਸਿੰਘ | 22 | ਕੌਂਸਲਰ |
| 21 | ਕਮਲੇਸ਼ ਰਾਣੀ | 23 | ਕੌਂਸਲਰ |
| 22 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 23 | ਦਰਸ਼ਨਾ ਰਾਣੀ | 26 | ਕੌਂਸਲਰ |
| 24 | ਰਾਜ ਕੁਮਾਰ | 27 | ਕੌਂਸਲਰ |
| 25 | ਨੀਲਮ ਰਾਣੀ ਜਿੰਦਲ | 28 | ਕੌਂਸਲਰ |
| 26 | ਰਾਮ ਦਾਸ | 30 | ਕੌਂਸਲਰ |
| 27 | ਪ੍ਰੀਤਮ ਕੌਰ | 31 | ਕੌਂਸਲਰ |
| 28 | ਸ਼ਾਮ ਲਾਲ ਜੈਨ | 32 | ਕੌਂਸਲਰ |
| 29 | ਕਰਮਜੀਤ ਕੌਰ | 34 | ਕੌਂਸਲਰ |
| 30 | ਸੰਜੇ | 35 | ਕੌਂਸਲਰ |
| 31 | ਜੁਗਰਾਜ ਸਿੰਘ | 36 | ਕੌਂਸਲਰ |
| 32 | ਹਰਜਿੰਦਰ ਸਿੰਘ | 37 | ਕੌਂਸਲਰ |
| 33 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 34 | ਛਿੰਦਰ ਕੌਰ | 40 | ਕੌਂਸਲਰ |
| 35 | ਅੰਜਨਾ ਰਾਣੀ | 41 | ਕੌਂਸਲਰ |
| 36 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 37 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 38 | ਹਰਵਿੰਦਰ ਕੁਮਾਰ | 46 | ਕੌਂਸਲਰ |
| 39 | ਨਿਰਮਲ ਕੌਰ | 47 | ਕੌਂਸਲਰ |
| 40 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 41 | ਗੁਰਮੀਤ ਕੌਰ | 49 | ਕੌਂਸਲਰ |
| 42 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਦੇ ਪਿਤਾ ਜੀ, ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਦੇ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਅਤੇ ਪਠਾਨਕੋਟ ਵਿਖੇ ਹੋਏ ਸ਼ਹੀਦਾਂ ਦੀ ਯਾਦ ਵਿੱਚ ਹਾਊਸ ਨੂੰ ਦੋ ਮਿਨਟ ਦਾ ਮੌਨ ਧਾਰਨ ਲਈ ਬੇਨਤੀ ਕੀਤੀ।

ਮਤਾ ਨੰਬਰ 109: ਹਾਊਸ ਵੱਲੋਂ ਸ਼੍ਰੀ ਨਿਰਮਲ ਸਿੰਘ ਸੰਧੂ, ਕੌਂਸਲਰ ਦੇ ਪਿਤਾ ਜੀ, ਸ਼੍ਰੀ ਜਸਵੀਰ ਸਿੰਘ ਜੱਸਾ, ਕੌਂਸਲਰ ਦੇ ਪਿਤਾ ਜੀ ਦੇ ਅਕਾਲ ਚਲਾਣਾ ਕਰ ਜਾਣ ਤੇ ਅਤੇ ਪਠਾਨਕੋਟ ਵਿਖੇ ਹੋਏ

ਸ਼ਹੀਦਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿਨਟ ਦਾ ਮੌਨ ਧਾਰ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਉਪਰੰਤ ਮੀਟਿੰਗ 15 ਮਿੰਟ ਦੇ ਸਮੇਂ ਲਈ ਮੁਲਤਵੀ ਕੀਤੀ ਗਈ।

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।

# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 22.01.2016 ਨੂੰ ਦੁਪਹਿਰ 2.15 ਵਜੇ

ਅੱਜ ਮਿਤੀ 22.01.2016 ਨੂੰ ਦੁਪਹਿਰ 2.15 ਵਜੇ ਸ਼੍ਰੀ ਬਲਵੰਤ ਰਾਏ ਨਾਥ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰਜ਼ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਗੁਰਿੰਦਰਪਾਲ ਕੋਰ ਮਾਂਗਟ | 1 | ਡਿਪਟੀ ਮੇਅਰ |
| 2 | ਮਲਕੀਤ ਸਿੰਘ | 2 | ਕੌਂਸਲਰ |
| 3 | ਰਾਜਿੰਦਰ ਸਿੰਘ ਸਿੱਧੂ | 3 | ਕੌਂਸਲਰ |
| 4 | ਜਸਵੀਰ ਕੋਰ | 4 | ਕੌਂਸਲਰ |
| 5 | ਸੁਖਦੇਵ ਸਿੰਘ ਬਰਾੜ | 5 | ਕੌਂਸਲਰ |
| 6 | ਸ਼ੈਰੀ ਗੋਇਲ | 6 | ਕੌਂਸਲਰ |
| 7 | ਹਰਪਾਲ ਸਿੰਘ | 7 | ਕੌਂਸਲਰ |
| 8 | ਪਰਮਿੰਦਰ ਕੋਰ ਸਿੱਧੂ | 8 | ਕੌਂਸਲਰ |
| 9 | ਬਲਜੀਤ ਸਿੰਘ ਰਾਜੂ ਸਰਾਂ | 9 | ਕੌਂਸਲਰ |
| 10 | ਅਸ਼ੇਸ਼ਰ ਪਾਸਵਾਨ | 10 | ਕੌਂਸਲਰ |
| 11 | ਹਰਜਿੰਦਰ ਸਿੰਘ | 11 | ਕੌਂਸਲਰ |
| 12 | ਪੰਕਜ ਅਰੋੜਾ | 12 | ਕੌਂਸਲਰ |
| 13 | ਰਾਜਵਿੰਦਰ ਸਿੰਘ ਸਿੱਧੂ | 13 | ਕੌਂਸਲਰ |
| 14 | ਅਰਵਿੰਦ ਕਿਰਨ ਚੀਮਾ | 16 | ਕੌਂਸਲਰ |
| 15 | ਹਰਮਿੰਦਰ ਸਿੰਘ | 17 | ਕੌਂਸਲਰ |
| 16 | ਰਾਜਾ ਸਿੰਘ | 18 | ਕੌਂਸਲਰ |
| 17 | ਬੇਅੰਤ ਸਿੰਘ ਰੰਧਾਵਾ | 19 | ਕੌਂਸਲਰ |
| 18 | ਦਰਸ਼ਨ ਕੁਮਾਰ | 20 | ਕੌਂਸਲਰ |
| 19 | ਤਰਸੇਮ ਚੰਦ ਗੋਇਲ | 21 | ਸੀਨੀਅਰ ਡਿਪਟੀ ਮੇਅਰ |
| 20 | ਸੁਖਮਿੰਦਰ ਸਿੰਘ | 22 | ਕੌਂਸਲਰ |
| 21 | ਕਮਲੇਸ਼ ਰਾਣੀ | 23 | ਕੌਂਸਲਰ |
| 22 | ਜਸਵੀਰ ਸਿੰਘ ਜੱਸਾ | 25 | ਕੌਂਸਲਰ |
| 23 | ਦਰਸ਼ਨਾ ਰਾਣੀ | 26 | ਕੌਂਸਲਰ |
| 24 | ਰਾਜ ਕੁਮਾਰ | 27 | ਕੌਂਸਲਰ |
| 25 | ਨੀਲਾਮ ਰਾਣੀ ਜਿੰਦਲ | 28 | ਕੌਂਸਲਰ |
| 26 | ਰਾਮ ਦਾਸ | 30 | ਕੌਂਸਲਰ |
| 27 | ਪ੍ਰੀਤਮ ਕੋਰ | 31 | ਕੌਂਸਲਰ |
| 28 | ਸ਼ਾਮ ਲਾਲ ਜੈਨ | 32 | ਕੌਂਸਲਰ |
| 29 | ਕਰਮਜੀਤ ਕੋਰ | 34 | ਕੌਂਸਲਰ |
| 30 | ਸੰਜੇ | 35 | ਕੌਂਸਲਰ |
| 31 | ਜੁਗਰਾਜ ਸਿੰਘ | 36 | ਕੌਂਸਲਰ |
| 32 | ਹਰਜਿੰਦਰ ਸਿੰਘ | 37 | ਕੌਂਸਲਰ |
| 33 | ਗੁਰਬਚਨ ਸਿੰਘ ਖੁੱਬਣ | 39 | ਕੌਂਸਲਰ |
| 34 | ਛਿੰਦਰ ਕੋਰ | 40 | ਕੌਂਸਲਰ |
| 35 | ਅੰਜਨਾ ਰਾਣੀ | 41 | ਕੌਂਸਲਰ |
| 36 | ਗੁਰਸੇਵਕ ਸਿੰਘ ਮਾਨ | 43 | ਕੌਂਸਲਰ |
| 37 | ਨਿਰਮਲ ਸਿੰਘ ਸੰਧੂ | 44 | ਕੌਂਸਲਰ |
| 38 | ਹਰਵਿੰਦਰ ਕੁਮਾਰ | 46 | ਕੌਂਸਲਰ |
| 39 | ਨਿਰਮਲ ਕੋਰ | 47 | ਕੌਂਸਲਰ |
| 40 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 41 | ਗੁਰਮੀਤ ਕੋਰ | 49 | ਕੌਂਸਲਰ |
| 42 | ਜਗਸੀਰ ਸਿੰਘ ਬੰਗੀ | 50 | ਕੌਂਸਲਰ |

ਮੀਟਿੰਗ ਦੀ ਕਾਰਵਾਈ ਸ਼ੁਰੂ ਹੁੰਦੇ ਹੀ ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਪਿਛਲੀ ਮੀਟਿੰਗ ਦੀ ਕਾਰਵਾਈ ਵਿੱਚ ਲਿਖਿਆ ਗਿਆ ਸੀ, ਕਿ ਅੱਜ ਏਜੰਡਾ ਖਾਸ ਕਰਕੇ ਉਹਨਾਂ ਇਲਾਕਿਆਂ ਲਈ ਵਰਦਾਨ ਸਾਬਤ ਹੋਵੇਗਾ, ਜਿੰਨ੍ਹਾਂ ਇਲਾਕਿਆਂ ਵਿੱਚ ਪਿਛਲੇ ਲਗਭਗ 70 ਸਾਲਾਂ ਤੋਂ ਕੋਈ ਵਿਕਾਸ ਦਾ ਕੰਮ ਨਹੀਂ ਹੋਇਆ। ਉਹਨਾਂ ਇਸ ਗੱਲ ਤੇ ਇਤਰਾਜ਼ ਜਾਹਰ ਕੀਤਾ। ਇਸਦੇ ਜਵਾਬ ਵਿੱਚ ਮਾਨਯੋਗ ਮੇਅਰ ਸਾਹਿਬ ਨੇ ਕਿਹਾ ਕਿ ਇਕੱਲੀਆਂ ਇੱਟਾਂ ਦਾ ਫਰਸ਼ ਲਗਾਉਣਾ ਹੀ ਵਿਕਾਸ ਨਹੀਂ ਕਹਾਉਂਦਾ। ਜੱਦ ਤੱਕ ਅਸੀ ਆਮ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਅਤੇ ਸੀਵਰੇਜ਼ ਦੀ ਸਹੂੱਲਤ ਨਹੀਂ ਮੁੱਹਈਆ ਕਰਵਾਉਂਦੇ, ਪੱਕੀਆਂ ਸੜ੍ਹਕਾਂ, ਗਲੀਆਂ, ਨਾਲੀਆਂ ਨਹੀਂ ਦਿੰਦੇ, ਸਟਰੀਟ ਲਾਈਟ ਮੁੱਹਈਆ ਨਹੀਂ ਕਰਾਉਂਦੇ, ਬਾਰਸ਼ ਦੇ ਪਾਣੀ ਦੀ ਸਹੀ ਢੰਗ ਨਾਲ ਨਿਕਾਸੀ ਨਹੀਂ ਕਰਦੇ, ਪੀਣ ਵਾਲੇ ਪਾਣੀ ਦੀ ਸ਼ੁਧਤਾ ਦੀ ਜਾਂਚ ਖਾਤਰ ਟਰੀਟਮੈਂਟ ਪਲਾਂਟ ਨਹੀਂ ਲਗਾਉਂਦੇ, ਉਸ ਸਮੇਂ ਤੱਕ ਵਿਕਾਸ ਦਾ ਨਾਮ ਨਹੀਂ ਦਿੱਤਾ ਜਾ ਸਕਦਾ। ਉਹਨਾਂ ਦਸਿਆ ਕਿ ਬਠਿੰਡੇ ਦਾ ਪਾਣੀ ਪੀਣ ਯੋਗ ਨਹੀਂ ਸੀ। ਇਸ ਕਾਰਨ ਹੀ 100% ਪਾਣੀ ਅਤੇ ਸੀਵਰੇਜ਼

ਦੀ ਸਹੂਲਤ ਮੁਹਈਆ ਕਰਾਉਣ ਖਾਤਰ ਪ੍ਰੋਜੈਕਟ ਚਾਲੂ ਕੀਤਾ ਗਿਆ, ਜਿਸ ਕਾਰਨ ਅਸੀ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ। ਮਿਤੀ 14.12.2015 ਨੂੰ ਹੋਈ ਮੀਟਿੰਗ ਦੌਰਾਨ ਸ਼ਹਿਰ ਵਿੱਚ ਵਿਕਾਸ ਦੇ ਕੰਮਾਂ ਦੇ ਤਖਮੀਨੇ ਪਾਸ ਕੀਤੇ ਗਏ ਹਨ, ਜਿਸ ਨਾਲ ਸ਼ਹਿਰ ਵਿੱਚ ਚਹੁਮੁੱਖੀ ਵਿਕਾਸ ਹੋਵੇਗਾ ਅਤੇ ਸ਼ਹਿਰ ਵਿਚ ਗਲੀਆਂ, ਸੜ੍ਹਕਾਂ ਦਾ ਜਾਲ ਵਿਛਾਇਆ ਜਾਵੇਗਾ।

ਸ਼੍ਰੀ ਬੇਅੰਤ ਸਿੰਘ ਰੰਧਾਵਾ, ਕੌਂਸਲਰ ਨੇ ਕਿਹਾ ਕਿ ਉਹਨਾਂ ਦੇ ਏਰੀਏ ਵਿੱਚ ਗਰੀਨ ਪੈਲੇਸ ਦੇ ਸਾਹਮਣੇ ਅਤੇ ਸ਼ਹਿਰ ਦੀ ਸੱਭ ਤੋਂ ਪੁਰਾਣੀ ਕਲੋਨੀ ਕਮਲਾ ਨਹਿਰੂ ਨਗਰ ਵਿੱਚ ਸੀਵਰੇਜ਼ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਇਸਤੋਂ ਇਲਾਵਾ ਕਈ ਪਿੰਡ ਵਾਲਿਆਂ ਵੱਲੋਂ ਸ਼ਹਿਰ ਵਿੱਚ 400-500 ਅਵਾਰਾ ਪਸ਼ੂ ਛੱਡਣ ਕਾਰਨ ਸ਼ਹਿਰਵਾਸੀਆਂ ਨੂੰ ਬਹੁਤ ਦਿੱਕਤ ਆ ਰਹੀ ਹੈ। ਉਹਨਾਂ ਪਿੰਡ ਵਾਸੀਆਂ ਖਿਲਾਫ ਐਕਸ਼ਨ ਲੈਣ ਲਈ ਕਿਹਾ। ਇਸਤੇ ਮਾਨਯੋਗ ਮੇਅਰ ਸਾਹਿਬ ਨੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਗਰੀਨ ਪੈਲੇਸ ਦੇ ਸਾਹਮਣੇ ਅਤੇ ਕਮਲਾ ਨਹਿਰੂ ਨਗਰ ਵਿਖੇ ਜੋ ਸੀਵਰੇਜ਼ ਦੀ ਸਮੱਸਿਆ ਆ ਰਹੀ ਹੈ, ਉਸਨੂੰ ਜਲਦ ਤੋਂ ਜਲਦ ਠੀਕ ਕੀਤਾ ਜਾਵੇ। ਉਹਨਾਂ ਹਾਊਸ ਨੂੰ ਜਾਣੂ ਕਰਵਾਇਆ ਕਿ ਪਿੰਡ ਗੁਰੂ ਹਰ ਰਾਏ ਪੁਰ ਵਿੱਚ ਤਕਰੀਬਨ 8 ਕਿੱਲਿਆਂ ਵਿੱਚ ਗਊਸ਼ਾਲਾ ਦੀ ਉਸਾਰੀ ਕੀਤੀ ਜਾ ਰਹੀ ਹੈ। ਨਗਰ ਨਿਗਮ ਵੱਲੋਂ ਹੁਣ ਤੱਕ 65.00 ਲੱਖ ਰੁਪਏ ਗਊਸ਼ਾਲਾ ਬਨਾਉਣ ਲਈ ਦਿੱਤੇ ਗਏ ਹਨ। ਇਸ ਗਊਸ਼ਾਲਾ ਵਿੱਚ ਹੁਣ ਤੱਕ ਭਰਤ ਪਾ ਕੇ 2 ਸ਼ੈਡ ਤਿਆਰ ਹੋ ਚੁੱਕੇ ਹਨ। ਤੂੜੀ ਲਈ 40x125 ਦਾ ਹਾਲ ਤਿਆਰ ਕੀਤਾ ਗਿਆ ਹੈ। ਮਾਲਵਾ ਅੰਦਰ ਪਹਿਲਾਂ ਬਠਿੰਡਾ ਸ਼ਹਿਰ ਹੋਵੇਗਾ, ਜਿਸ ਵਿੱਚ ਅਵਾਰਾ ਪਸ਼ੂਆਂ ਦੀ ਸਾਂਭ-ਸੰਭਾਲ ਲਈ ਗਊਸ਼ਾਲਾ ਤਿਆਰ ਕੀਤੀ ਜਾ ਰਹੀ ਹੈ। ਉਹਨਾਂ ਹਾਊਸ ਵਿੱਚ ਬੇਨਤੀ ਕੀਤੀ ਕਿ ਜੇਕਰ ਕੋਈ ਵੀ ਗਊਸ਼ਾਲਾ 500-1000 ਅਵਾਰਾ ਪਸ਼ੂਆਂ ਦੀ ਦੇਖਭਾਲ ਕਰ ਸਕਦੀ ਹੈ, ਤਾਂ ਨਿਗਮ ਵੱਲੋਂ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਬਣਦੀ ਡਾਇਟ ਮਨੀ ਮੁਹਈਆ ਕਰਵਾ ਦਿੱਤੀ ਜਾਵੇਗੀ। ਉਹਨਾਂ ਦਸਿਆ ਕਿ ਮੌਜੂਦਾ ਸਮੇਂ ਗਊਸ਼ਾਲਾ ਵਿੱਚ ਤਕਰੀਬਨ 1600 ਅਵਾਰਾ ਪਸ਼ੂ ਫੜ੍ਹ ਕੇ ਛੱਡੇ ਗਏ ਹਨ, ਜਿੰਨ੍ਹਾਂ ਦੀ ਡਾਇਟ ਮਨੀ ਨਗਰ ਨਿਗਮ ਵੱਲੋਂ ਦਿੱਤੀ ਜਾ ਰਹੀ ਹੈ। ਉਹਨਾਂ ਇਹ ਵੀ ਕਿਹਾ ਕਿ ਸ਼ਹਿਰ ਵਿੱਚੋਂ ਇੱਕ-ਇੱਕ ਪਸ਼ੂ ਫੜ੍ਹਨ ਉਪਰੰਤ ਠੇਕਾ ਕੀਤਾ ਜਾਵੇਗਾ, ਤਾਂ ਜੋ ਸ਼ਹਿਰ ਵਿੱਚ ਬਾਹਰੋਂ ਆ ਕੇ ਕੋਈ ਅਵਾਰਾ ਪਸ਼ੂ ਨਾ ਛੱਡ ਸਕੇ।

ਸ਼੍ਰੀਮਤੀ ਸ਼ੈਰੀ ਗੋਇਲ, ਕੌਂਸਲਰ ਨੇ ਕਿਹਾ ਕਿ ਐਫ.ਐਂਡ ਸੀ.ਸੀ. ਦੀ ਹਰ ਮੀਟਿੰਗ ਦੀ ਕਾਰਵਾਈ ਸਮੁੱਚੇ ਕੌਂਸਲਰ ਸਾਹਿਬਾਨ ਪਾਸ ਭੇਜੀ ਜਾਇਆ ਕਰੇ।

ਸ਼੍ਰੀ ਰਾਮ ਦਾਸ, ਕੌਂਸਲਰ ਨੇ ਕਿਹਾ ਕਿ ਰੇਲਵੇ ਦੇ ਨਾਲ-ਨਾਲ ਜਾ ਰਹੇ ਰਹੇ ਗੰਦੇ ਨਾਲੇ ਦਾ ਪਾਣੀ ਸੜ੍ਹਕਾਂ ਤੇ ਆ ਰਿਹਾ ਹੈ। ਇਸਤੇ ਮੇਅਰ ਸਾਹਿਬ ਨੇ ਜਾਣੂ ਕਰਵਾਇਆ ਕਿ ਸ਼ਹਿਰ ਵਿੱਚ ਜੋ ਵੱਡਾ ਸੀਵਰ ਪਾਇਆ ਜਾ ਰਿਹਾ ਹੈ, ਕੰਮ ਦੋਰਾਨ ਨਾਲ ਲਗਦੀ ਮੇਨ ਲਾਈਨ ਦੀ ਪਾਇਪ ਦੇ ਬੈਠ ਜਾਣ ਕਾਰਨ ਪਾਣੀ ਬਲਾਕ ਹੋ ਗਿਆ ਸੀ। ਜਲਦ ਹੀ ਉਕਤ ਸਮੱਸਿਆ ਦਾ ਹੱਲ ਕਰ ਦਿੱਤਾ ਜਾਵੇਗਾ।

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

ਏਜੰਡਾ ਨੰਬਰ: 1

ਮੀਟਿੰਗ ਮਿਤੀ 14.12.2015 ਦੀ ਕਾਰਵਾਈ ਦੀ ਪਕਿਆਈ।

ਮਤਾ ਨੰਬਰ 110: **ਕਾਰਵਾਈ ਦੀ ਪਕਿਆਈ ਤੋਂ ਪਹਿਲਾਂ ਮਤਾ ਨੰਬਰ 86 ਵਿੱਚ ਸਵੀਪਿੰਗ ਮਸ਼ੀਨਾਂ ਦੇ ਰੱਖ-ਰਖਾਵ ਅਤੇ ਆਉਣ ਵਾਲੇ ਖਰਚੇ ਸਬੰਧੀ ਤਿੰਨ ਮੈਂਬਰੀ ਸਬ-ਕਮੇਟੀ ਬਨਾਉਣ ਦੀ ਪ੍ਰਵਾਨਗੀ ਦਿੱਤੀ ਗਈ ਸੀ, ਜਦਕਿ ਮਤਾ ਪ੍ਰਵਾਨ ਕਰਨਾ ਰਹਿ ਗਿਆ ਸੀ। ਇਸ ਲਈ ਮਤਾ ਨੰਬਰ 86 ਵਿੱਚ ਸੋਧ ਕਰਦੇ ਹੋਏ ਮੱਦ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ ਅਤੇ ਮੀਟਿੰਗ ਮਿਤੀ 14.12.2015 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।**

ਏਜੰਡਾ ਨੰ: 2

ਦਫਤਰੀ ਰਿਪੋਰਟ ਕਿ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਕਾਸ ਦੇ ਕੰਮ ਕਰਾਉਣ ਲਈ ਹੇਠ ਲਿਖੇ ਅਨੁਸਾਰ ਤਖਮੀਨੇ ਤਿਆਰ ਕੀਤੇ ਗਏ ਹਨ:-

| ਲੜੀ ਨੰ: | ਵਾਰਡ ਨੰਬਰ | ਕੰਮ ਦਾ ਨਾਮ | ਤਖਮੀਨੇ ਦੀ ਰਕਮ (ਲੱਖਾਂ ਵਿੱਚ) |
|---|---|---|---|
| 1 | | ਸ਼ਵੱਛ ਭਾਰਤ ਮੁਹਿੰਮ ਤਹਿਤ ਸ਼ਹਿਰ ਦੀਆਂ ਮੁੱਖ ਸੜ੍ਹਕਾਂ ਤੋਂ ਮਲਬਾ ਚੁਕਾਉਣ ਲਈ ਇਕ ਜੇ.ਸੀ.ਬੀ. ਅਤੇ 10 ਟ੍ਰੈਕਟਰ ਕਿਰਾਏ ਤੇ ਲੈਣ ਸਬੰਧੀ | 9.60 |
| 2 | | ਸਪਲਾਈ ਆਫ 1” ਹੋਜ਼ ਪਾਈਪ 200 ਮੀਟਰ ਅਤੇ 1 ½” ਹੋਜ਼ ਪਾਈਪ 300 ਮੀਟਰ ਫਾਰ ਰੋਜ਼ ਗਾਰਡਨ | 2.24 |
| 3 | | ਸਪਲਾਈ ਐਂਡ ਫਿਕਸਿੰਗ ਆਫ ਪੋਪ-ਅੱਪ ਸਿਸਟਮ ਐਟ ਜੌਗਰ ਪਾਰਕ | 2.00 |
| 4 | | ਕੰਸ: ਆਫ ਟਾਇਲਟ ਬਲਾਕ ਐਟ ਸੰਜੇ ਨਗਰ | 2.11 |
| 5 | | ਕੰਸ: ਆਫ ਪਬਲਿਕ ਟਾਇਲਟ ਇੰਨ ਸਿਰਕੀ ਬਾਜਾਰ ਨੀਅਰ ਡਿਸਪੋਜ਼ਲ | 10.47 |

ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 111: **ਪ੍ਰਵਾਨ ਹੈ।**

ਏਜੰਡਾ ਨੰ: 3

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਮਾਨਯੋਗ ਕਮਿਸ਼ਨਰ ਸਾਹਿਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੋਰਾਨ Across ਕੈਨਾਲ ਦੇ ਵਸਨੀਕਾਂ ਨੂੰ ਸਹੂਲਤ ਦੇਣ ਲਈ S.T.P. ਅਤੇ M.P.S. ਬਨਾਉਣ ਲਈ ਵਿਚਾਰ

ਵਟਾਂਦਰਾ ਕੀਤਾ ਗਿਆ। ਇਸ ਸਬੰਧੀ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਨੂੰ ਪੱਤਰ ਨੰਬਰ 4475 ਮਿਤੀ 23.12.2015 ਰਾਹੀਂ ਲਿਖਿਆ ਗਿਆ ਸੀ ਕਿ ਇੰਪਰੂਵਮੈਂਟ ਟਰੱਸਟ ਵੱਲੋਂ ਡੈਅਰੀ ਸਕੀਮ ਅਧੀਨ ਦਿੱਤੀ ਜਾਣ ਵਾਲੀ ਜਗ੍ਹਾ ਦੀ 100% ਪਾਣੀ ਅਤੇ ਸੀਵਰੇਜ਼ ਪ੍ਰੋਜੈਕਟ ਅਧੀਨ S.T.P. ਅਤੇ M.P.S. ਲਾਉਣ ਲਈ ਤਕਨੀਕੀ ਤੋਰ ਤੇ ਘੋਖ ਪੜਤਾਲ ਕੀਤੀ ਜਾਵੇ। ਇਸ ਸਬੰਧੀ ਸੀਵਰੇਜ਼ ਬੋਰਡ ਵੱਲੋਂ ਪੱਤਰ ਨੰ: 5986-89 ਮਿਤੀ 24.12.2015 ਰਾਹੀਂ ਜਵਾਬ ਪ੍ਰਾਪਤ ਹੋਇਆ ਹੈ ਕਿ ਇਸ ਜਗ੍ਹਾ ਵਿੱਚ M.P.S., ਸੀਵੇਜ਼ ਟਰੀਟਮੈਂਟ ਪਲਾਂਟ ਅਤੇ 12 ਦਿਨਾਂ ਦੀ ਕਪੈਸਟੀ ਦਾ ਸਟੋਰੇਜ਼ ਟੈਂਕ ਬਣਾਇਆ ਜਾ ਸਕੇਗਾ। ਇਸ ਉਪਰੰਤ ਮਿਤੀ 29.12.2015 ਮੰਗਲਵਾਰ ਨੂੰ ਮੇਅਰ, ਨਗਰ ਨਿਗਮ, ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਇਹ ਜਗ੍ਹਾ ਲੈਣ ਲਈ ਕਾਰਵਾਈ ਕਰਨ ਦਾ ਫੈਸਲਾ ਹੋਇਆ, ਜਿਸ ਦੀ ਰੋਸਨੀ ਵਿੱਚ ਇਸ ਜਗ੍ਹਾ ਨੂੰ ਨਿਗਮ ਦੇ ਨਾਮ ਟਰਾਂਸਫਰ ਕਰਨ ਲਈ ਨਿਗਮ ਹਾਊਸ ਦੀ ਪ੍ਰਵਾਨਗੀ ਦੀ ਆਸ ਵਿੱਚ ਨਗਰ ਸੁਧਾਰ ਟਰੱਸਟ, ਬਠਿੰਡਾ ਨੂੰ ਲਿਖਿਆ ਜਾਵੇ ਕਿ ਡੈਅਰੀ ਸਕੀਮ ਵਿੱਚ ਸਰਕਾਰ ਤੋਂ ਸੋਧ ਕਰਵਾ ਕੇ ਜਗ੍ਹਾ ਨਗਰ ਨਿਗਮ ਨੂੰ ਜਲਦ ਤੋਂ ਜਲਦ ਟਰਾਂਸਫਰ ਕੀਤੀ ਜਾਵੇ ਤਾਂ ਜੋ Across ਕੈਨਾਲ ਦੇ ਵਸਨੀਕਾਂ ਨੂੰ S.T.P. ਅਤੇ M.P.S. ਜਗ੍ਹਾ ਸੀਵਰੇਜ਼ ਦੀ ਸਹੂਲਤ ਮੁੱਹਈਆ ਕਰਵਾਈ ਜਾ ਸਕੇ ਜੀ। ਰਿਪੋਰਟ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 112:** ਪ੍ਰਵਾਨ ਹੈ।

**ਏਜੰਡਾ ਨੰ: 4**

ਰਿਪੋਰਟ ਸਿਹਤ ਸ਼ਾਖਾ ਕਿ ਜਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ ਬਠਿੰਡਾ ਵੱਲੋਂ ਪਿੰਡ ਹਰਰਾਏਪੁਰ ਜਿਲ੍ਹਾ ਬਠਿੰਡਾ ਵਿਖੇ 119 ਕਨਾਲ 4 ਮਰਲੇ ਜਮੀਨ ਵਿੱਚ ਗਊਸ਼ਾਲਾ ਉਸਾਰੀ ਜਾ ਰਹੀ ਹੈ। ਜਿਸ ਵਿੱਚ ਸ਼ਹਿਰ ਵਿੱਚੋਂ ਫੜ੍ਹ ਕੇ ਆਵਾਰਾ ਪਸ਼ੂ ਛੱਡੇ ਜਾਂਦੇ ਹਨ। ਡੀ.ਏ.ਡਬਲਿਊ. ਐਸ. ਨਾਲ ਨਿਗਮ ਵੱਲੋਂ ਮਿਤੀ 30.07.2015 ਨੂੰ ਇੱਕ ਐਗਰੀਮੈਂਟ ਕੀਤਾ ਗਿਆ ਹੈ। ਐਗਰੀਮੈਂਟ ਦੀਆਂ ਸ਼ਰਤਾਂ ਅਨੁਸਾਰ ਨਿਗਮ ਵੱਲੋਂ ਹਾਊਸ ਦੇ ਮਤਾ ਨੰਬਰ 58 ਮਿਤੀ 21.08.2015 ਰਾਹੀਂ 40.00 ਲੱਖ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਮਾਨਯੋਗ ਮੇਅਰ ਸਾਹਿਬ ਅਤੇ ਕਮਿਸ਼ਨਰ ਸਾਹਿਬ ਵੱਲੋਂ ਜਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ ਨੂੰ ਕਾਊ ਸੈਸ ਵਿੱਚੋਂ 25.00 ਲੱਖ ਰੁਪਏ ਗਊਸ਼ਾਲਾ ਦੀ ਉਸਾਰੀ ਲਈ ਟਰਾਂਸਫਰ ਕਰਨ ਦੇ ਹੁਕਮ ਦਿੱਤੇ ਗਏ ਹਨ। ਇਹਨਾਂ ਆਦੇਸ਼ਾਂ ਦੀ ਪਾਲਣਾ ਹਿੱਤ ਜਿਲ੍ਹਾ ਐਨੀਮਲ ਵੈਲਫੇਅਰ ਸੋਸਾਇਟੀ ਬਠਿੰਡਾ ਨੂੰ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ 25.00 ਲੱਖ ਰੁਪਏ ਕਾਊ ਸੈਸ ਵਿੱਚੋਂ ਅਦਾ ਕਰਨ ਦੀ ਪ੍ਰਵਾਨਗੀ ਹਿੱਤ ਰਿਪੋਰਟ ਪੇਸ਼ ਹੈ ਜੀ। ਇਸ ਸਬੰਧੀ ਸੁਪਰਡੈਂਟ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "May be approved u/s 52(C) of Municipal Corporation Act, 1976". ਰਿਪੋਰਟ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 113:** ਨੋਟ ਕੀਤਾ।

**ਏਜੰਡਾ ਨੰ: 5**

ਰਿਪੋਰਟ ਓ.ਐਂਡ ਐਮ. ਸ਼ਾਖਾ ਕਿ ਸਰਕਾਰ ਨੇ ਨੋਟੀਫੀਕੇਸ਼ਨ ਨੰ: 5/50/2015-5 ਸਪ4/656170/1 ਮਿਤੀ 31 ਦਸਬੰਰ 2015 ਜਾਰੀ ਕੀਤਾ ਹੈ ਜੋ ਕਿ ਹੇਠ ਲਿਖੇ ਅਨੁਸਾਰ ਹੈ:-

## ਪੰਜਾਬ ਮਿਊਂਸਪਲ ਵਾਟਰ ਮੀਟਰ ਪਾਲਿਸੀ

**1. ਵਾਟਰ ਸਪਲਾਈ ਲਾਉਣਾ**

(ੳ) ਹਰੇਕ ਖਪਤਕਾਰ ਵੱਲੋ digital tamper-proof ਆਈ.ਏ.ਐਸ. ਮਾਰਕਾ (IS-779 Class "B" Multijet interential type, Magnetically Coupled, Brass/Bronze baby. Two year guarantee/warranty (preferably IP 68) accompanied by copy of test certificate meeting out the above specification shall be essential part of packing of water meter) ਵਾਟਰ-ਮੀਟਰ ਲਗਾਇਆ ਜਾਵੇਗਾ।

(ਅ) **ਮੀਟਰ ਲਗਵਾਉਣ ਤੋਂ ਪਹਿਲਾ ਸਬੰਧਤ ਮੀਟਰ ਸੰਸਥਾ ਕੋਲੋਂ ਟੈਸਟ ਕਰਵਾਉਣਾ ਲਾਜ਼ਮੀ ਹੋਵੇਗਾ,** ਜਿਸ ਲਈ 50 ਰੁਪਏ ਦੀ ਫੀਸ ਲਿਤੀ ਜਾਵੇਗੀ। ਇਹ ਮੀਟਰ ਖਪਤਕਾਰ ਵੱਲੋਂ ਆਪਣੇ ਖਰਚੇ ਤੋਂ ਸਬੰਧਤ ਸਸੰਥਾ ਦੇ ਅਧਿਕਾਰਤ ਪਲੰਬਰ ਰਾਹੀਂ (ਨਿਰਧਾਰਤ ਫੀਸ ਦੇ ਕੇ) ਪਾਣੀ ਲਾਈਨ ਦੀ ਸੇਧ ਦੀ ਸਥਿਤੀ (horizontal) ਵਿੱਚ ਲਗਵਾਇਆ ਜਾਵੇਗਾ ਅਤੇ ਪਾਣੀ ਕੁਨੈਕਸ਼ਨ ਜ਼ੋੜਨ ਲਈ ਸਾਰਾ ਜਰੂਰੀ ਸਾਜੋ-ਸਮਾਨ (ਪਾਈਪ ਆਦਿ) ਅਤੇ ਸੜਕ ਦੀ ਖੁਦਾਈ (ਰੋਡ ਕਟਿੰਗ) ਆਦਿ ਦਾ ਖਰਚਾ ਖਪਤਕਾਰ ਵੱਲੋਂ ਕੀਤਾ ਜਾਵੇਗਾ।

(ੲ) ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਖਪਤਕਾਰਾਂ ਨੂੰ ਹੇਠ ਅਨੁਸਾਰ ਸਮਾਂ ਦਿੱਤਾ ਜਾਵੇਗਾ:-

| ਲੜੀ ਨੰ: | ਖਪਤਕਾਰ ਦੀ ਕੈਟਾਗਰੀ | ਮੀਟਰ ਲਗਾਉਣ ਦੀ ਅੰਤਮ ਮਿਤੀ |
|---|---|---|

| | | |
|---|---|---|
| 1 | ਉਦਯੋਗਿਕ ਯੂਨਿਟ, ਜਿਸ ਵਿੱਚ ਪੀ.ਐਸ.ਪੀ.ਸੀ. ਐਲ. ਦੀਆਂ Large industrial supply (LS), Medium Industrial Supply (MS) , small industrial (SP), ਕੈਟਾਗਰੀਆਂ ਵੀ ਸ਼ਮਾਲ ਹਨ। | 31 ਮਾਰਚ 2016 |
| 2 | ਸਪੈਸ਼ਲ ਕੈਟਾਗਰੀ<br>1. ਹੋਟਲ/ਮੋਟਰ/ਰੈਸਟੋਰੈਂਸ<br>2. ਸਿਨਮਾ/ਮਲਟੀਪਲੈਕਸ<br>3. ਮਾਲਜ਼<br>4. ਨਿੱਜੀ ਹਸਪਤਾਲ/ਨਰਸਿੰਗ ਹੋਮ<br>5. ਪ੍ਰਾਈਵੇਟ, ਗੈਰ-ਸਹਾਇਤਾ ਪ੍ਰਾਪਤ ਸੰਸਥਾਵਾਂ(ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਸਮੇਤ)<br>6. ਮੈਰਿਜ ਪੈਲੇਸ<br>7. ਕਲੱਬ, ਸਪਾਜ | 31 ਮਾਰਚ 2017 |
| 3 | ਰਿਹਾਇਸ਼ੀ Domestic Supply (DS) ਅਤੇ ਖਪਤਕਾਰਾਂ ਦੀਆਂ ਉਹ ਕੈਟਾਗਰੀਆਂ ਜੋ ਉਕਤ ਵਿੱਚ ਸ਼ਾਮਲ ਨਹੀਂ ਹਨ। | 31 ਮਾਰਚ 2017 |

(ਸ) ਜਿਹੜੇ ਖਪਤਕਾਰ ਵੱਲੋ ਪਾਣੀ ਦੀ ਸਪਲਾਈ ਲਈ ਆਪਣਾ ਵੱਖਰਾ ਪ੍ਰਬੰਧ ਕੀਤਾ ਹੋਇਆ ਹੈ ਪਰ ਸੀਵਰੇਜ਼/ਪਾਣੀ ਡਿਸਪੋਜਲ ਕੀਤੀ ਜਾਂਦੀ ਹੈ, ਉਸ ਵੱਲੋ ਡਿਸਪੋਜਲ ਤੇ ਨਿਰਧਾਰਤ ਮੀਟਰ ਲਾਉਣ ਲਈ 31 ਮਾਰਚ 2016 ਤੱਕ ਦਾ ਸਮਾਂ ਦਿੱਤਾ ਜਾਵੇਗਾ।

(ਹ) ਮੀਟਰ ਨੂੰ ਠੀਕ ਹਾਲਤ ਵਿੱਚ ਰੱਖਣ ਸਬੰਧਤ ਖਪਤਕਾਰ ਦੀ ਜਿਮੇਵਾਰੀ ਹੋਵੇਗੀ ਅਤੇ ਮੀਟਰ ਖਰਾਬ ਹੋਣ ਤੇ ਉਸ ਵੱਲੋ ਤੁਰੰਤ ਨਵਾਂ ਮੀਟਰ ਉਕਤ ਵਿਧੀ ਅਨੁਸਾਰ ਲਗਵਾਇਆ ਜਾਵੇਗਾ। ਮੀਟਰ ਬਦਲਣ ਵਿੱਚ ਦੇਰੀ ਹੋਣ ਤੇ ਹੇਠ ਅਨੁਸਾਰ ਕਾਰਵਾਈ ਕੀਤੀ ਜਾਵੇਗੀ:-

1) **ਉਦਯੋਗਿਕ ਯੂਨਿਟ (ਜਿਨ੍ਹਾਂ ਦਾ ਜਿਕਰ ਉਕਤ ਸਬ ਪੈਰ੍ਹਾਂ (ੲ) ਦੇ ਥੱਲੇ ਦਿੱਤੇ ਟੇਬਲ ਦੇ ਲੜੀ ਨੰ: 1 ਤੇ ਹੈ:-** ਜਿਸ ਸਮੇਂ ਦੌਰਾਨ ਮੀਟਰ ਖਰਾਬ ਰਹੇਗਾ ਉਸ ਦਾ ਖਰਚਾ ਪਿਛਲੇ ਤਿੰਨ ਬਿਲਾਂ ਦੀ ਔਸਤ ਅਨੁਸਾਰ ਲਿਆ ਜਾਵੇਗਾ। ਜੇਕਰ ਮੀਟਰ ਦੀ ਤਬਦੀਲੀ ਜਾਂ ਮੁਰੰਮਤ ਤਿੰਨ ਮਹੀਨੇ ਦੇ ਸਮੇਂ ਅੰਦਰ ਨਹੀਂ ਕਰਵਾਈ ਜਾਂਦੀ ਤਦ ਪਿਛਲੇ ਤਿੰਨ ਬਿਲਾਂ ਦੀ ਔਸਤ ਦਾ ਤਿੰਨ ਗੁਣਾ ਅਗਲੇ ਇੱਕ ਮਹੀਨੇ ਲਈ ਵਸੂਲਿਆ ਜਾਵੇਗਾ। ਜੇਕਰ ਫਿਰ ਵੀ ਖਪਤਕਾਰ ਵੱਲੋ ਮੀਟਰ ਤਬਦੀਲ ਜ਼ਾਂ ਸਹੀ ਨਹੀ ਕਰਵਾਇਆ ਜਾਂਦਾ ਤਾਂ ਪਾਣੀ ਦਾ ਕੁਨੈਕਸ਼ਨ ਬਿਨਾਂ ਕਿਸੇ ਹੋਰ ਨੋਟਿਸ ਦੇ ਸਬੰਧਤ ਸੰਸਥਾ ਵੱਲੋਂ ਕੱਟ ਦਿੱਤਾ ਜਾਵੇਗਾ।ਮੀਟਰ ਕੱਟੇ ਜਾਣ ਦੀ ਸੂਰਤ ਵਿੱਚ ਖਪਤਕਾਰ ਵੱਲੋ ਮੀਟਰ ਲਗਾਉਣ ਲਈ ਨਵਾਂ ਮੀਟਰ ਲਗਵਾਉਣ ਵਾਲੀ ਵਿਧੀ ਅਪਣਾਉਣੀ ਪਾਵੇਗੀ।

2)**ਬਾਕੀ ਕੈਟਾਗਰੀਆਂ (ਜਿਨ੍ਹਾਂ ਦਾ ਜਿਕਰ ਉਕਤ ਸਬ ਪੈਰ੍ਹਾਂ(ੲ) ਦੇ ਥੱਲੇ ਦਿੱਤੇ ਟੈਸਟ ਦੇ ਲੜੀ ਨੰ:2 ਅਤੇ 3 ਤੇ ਹੈ )-** ਪਹਿਲੇ ਮਹੀਨੇ ਲਈ 100 ਰੁਪਏ, ਦੁਸਰੇ ਮਹੀਨੇ ਲਈ 200 ਰੁਪਏ ਅਤੇ ਤੀਸਰੇ ਮਹੀਨੇ ਲਈ 400 ਰੁਪਏ ਵਿਸ਼ੇਸ਼ ਪਨੈਲਿਟੀ ਸਬੰਧਤ ਸੰਸਥਾ ਨੂੰ ਦੇਣੀ ਹੋਵੇਗੀ। ਇਸ ਤਿੰਨ ਮਹੀਨੇ ਦੇ ਸਮੇਂ ਵਿੱਚ ਵੀ ਮੀਟਰ ਠੀਕ ਕਰਵਾ ਕੇ ਨਾ ਲਾਉਣ ਦੀ ਸੂਰਤ ਵਿੱਚ ਸਬੰਧਤ ਪਾਣੀ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ। ਮੀਟਰ ਕੱਟੇ ਜਾਣ ਦੀ ਸੂਰਤ ਵਿੱਚ ਖਪਤਕਾਰ ਵੱਲੋਂ ਮੀਟਰ ਲਗਵਾਉਣ ਲਈ ਨਵਾਂ ਮੀਟਰ ਲਗਾਉਣ ਵਾਲੀ ਵਿਧੀ ਅਪਣਾਉਣੀ ਪਵੇਗੀ।

## 2 ਵਾਟਰ ਮੀਟਰ ਲਗਾਉਣ ਤੱਕ ਲਏ ਜਾਣ ਵਾਲੇ ਯੂਜ਼ਰ ਚਾਰਜ਼ਿਜ

(ੳ) ਉਕਤ ਪੈਰ੍ਹਾ 1 ਵਿੱਚ ਜਿਹੜੀਆਂ ਕੈਟਾਗਰੀਆਂ ਨੂੰ 31 ਮਾਰਚ 2016 ਤੱਕ ਮੀਟਰ ਲਗਵਾਉਣ ਦਾ ਸਮਾਂ ਦਿੱਤਾ ਗਿਆ ਹੈ (ਜਿਨ੍ਹਾਂ ਦਾ ਜ਼ਿਕਰ ਪੈਰ੍ਹਾ 1 ਤੇ ਸਬ ਪੈਰ੍ਹਾ (ੲ) ਅਧੀਨ ਟੇਬਲ ਵਿੱਚ ਲੜੀ ਨੰ:1 ਤੇ ਕੀਤਾ ਗਿਆ ਹੈ।) ਉਨਾਂ ਵਿੱਚੋ ਬਹੁਤਿਆਂ ਕੋਲ ਪਹਿਲਾਂ ਹੀ ਮੀਟਰਡ ਸਪਲਾਈ ਹੈ ਅਤੇ ਉਸ ਮੁਤਾਬਕ ਵਸੂਲੀ ਕੀਤੀ ਜਾਂਦੀ ਹੈ। ਇਨ੍ਹਾਂ ਵਿੱਚੋ ਜਿਨ੍ਹਾਂ ਵੱਲੋ ਅਜੇ ਮੀਟਰ ਲਾਉਣੇ ਰਹਿੰਦੇ ਹਨ, ਉਨਾਂ ਤੋਂ 31 ਮਾਰਚ 2016 ਤੱਕ ਮੌਜੂਦਾ ਪ੍ਰਬੰਧਾਂ ਅਨੁਸਾਰ ਹੀ ਸਬੰਧਤ ਸੰਸਥਾ ਵੱਲੋ ਯੂਜਰ ਚਾਰਜ਼ਿਜ ਵਸੂਲੇ ਜਾਂਦੇ ਰਹਿਣਗੇ। ਜਿਨ੍ਹਾਂ ਖਪਤਕਾਰਾਂ ਵੱਲੋ 31 ਮਾਰਚ 2016 ਤੱਕ ਮੀਟਰ ਨਹੀਂ ਲਗਾਏ ਜਾਣਗੇ, ਉਨ੍ਹਾਂ ਤੋ ਅਪਰੈਲ 2016 ਦੇ ਮਹੀਨੇ ਤੋ ਮਾਰਚ 2016 ਦੇ ਬਿੱਲ ਤੋਂ ਦੁੱਗਣੀ ਰਕਮ ਦੀ ਵਸੂਲੀ ਕੀਤੀ ਜਾਵੇਗੀ, ਪਰ ਜੇਕਰ ਉਹ ਅਗਲੇ ਤਿੰਨ ਮਹੀਨੇ ਵਿੱਚ ਵੀ ਮੀਟਰ ਨਹੀਂ ਲਗਵਾਉਣਗੇ ਤਦ ਉਨਾਂ ਦੇ ਕੁਨੈਕਸ਼ਨ ਕੱਟ ਦਿੱਤੇ ਜਾਣਗੇ। ਮੀਟਰ ਲੱਗਣ ਉਪਰੰਤ ਮੌਜੂਦਾ ਦਰਾਂ ਦੇ ਆਧਾਰ ਤੇ ਹੀ ਯੂਜਰ ਚਾਰਜ਼ਿਜ ਵਸੂਲੇ ਜਾਣਗੇ।

(ਅ) ਬਾਕੀ ਕੈਟਗਾਰੀਆਂ ਦੇ ਖਪਤਕਾਰ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿਸ ਕਰਕੇ ਸਾਰੇ ਰਾਜ ਵਿੱਚ ਮੀਟਰ ਲੱਗਣ ਵਿੱਚ ਸਮਾਂ ਲੱਗਣਾ ਹੈ। ਹਾਲ ਦੀ ਘੜੀ Stop gap ਪ੍ਰਬੰਧ ਵੱਜੋਂ ਇਨ੍ਹਾਂ ਕੈਟਾਗਰੀਆਂ ਦੇ ਖਪਤਕਾਰਾਂ ਤੋਂ ਬਿਜਲੀ ਦੇ ਬਿਲਾਂ ਨਾਲ ਪਾਣੀ, ਸੀਵਰੇਜ਼ ਆਦਿ ਦੇ ਯੂਜਰ ਚਾਰਜ਼ਿਜ ਦੀ ਵਸੂਲੀ ਕੀਤੀ ਜਾਵੇਗੀ ਜਿਸ ਦਾ ਵੇਰਵਾ ਥੱਲੇ ਦਿੱਤਾ ਜਾ ਰਿਹਾ ਹੈ:-

1) **ਰਿਹਾਇਸ਼ੀ ਕੈਟਾਗਰੀ:-** (ਜ਼ੋ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ ਦੀ Domestic Supply ਕੈਟਾਗਰੀ ਹੈ) ਦੇ ਖਪਤਕਾਰਾਂ ਤੋਂ ਹੇਠ ਅਨੁਸਾਰ ਯੂਜਰ ਚਾਰਜ਼ਿਜ ਬਿਜਲੀ ਦੇ ਬਿਲਾਂ ਨਾਲ ਪੰਜਾਬ ਸਟੇਟ ਪਾਵਰ ਕਾਰਪੋਕੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਰਾਹੀਂ ਲਏ ਜਾਣਗੇ:-

| | ਬਿਜਲੀ ਦੀ ਖਪਤ ਦੀ ਕੀਮਤ (excluding any other levies or duties ) ਪ੍ਰਤੀ ਮਹੀਨਾ | ਰਕਮ ਪ੍ਰਤੀ ਮਹੀਨਾਂ |
|---|---|---|
| 1 | 200 ਰੁਪਏ ਤੱਕ | 25 ਰੁਪਏ |
| 2 | 200 ਰੁਪਏ ਤੋਂ ਵੱਧ ਅਤੇ 500 ਰੁਪਏ ਤੱਕ | 50 ਰੁਪਏ |
| 3 | 500 ਰੁਪਏ ਤੋਂ ਵੱਧ ਅਤੇ 1000 ਰੁਪਏ ਤੱਕ | 100 ਰੁਪਏ |
| 4 | 1000 ਰੁਪਏ ਤੋਂ ਵੱਧ ਅਤੇ 2000 ਰੁਪਏ ਤੱਕ | 200 ਰੁਪਏ |
| 5 | 2000 ਰੁਪਏ ਤੋਂ ਵੱਧ ਅਤੇ 5000 ਰੁਪਏ ਤੱਕ | 300 ਰੁਪਏ |
| 6 | 5000 ਰੁਪਏ ਤੋਂ ਵੱਧ ਅਤੇ 10000 ਰੁਪਏ ਤੱਕ | 400ਰੁਪਏ |
| 7 | 10000 ਰੁਪਏ ਤੋਂ ਵੱਧ | 500 ਰੁਪਏ |

2) **ਗੈਰ-ਰਿਹਾਇਸ਼ੀ ਕੈਟਾਗਰੀ** (ਪੀ.ਐਸ.ਸੀ.ਪੀ.ਸੀ.ਐਲ. non residential supply ਦੀ ਕੈਟਾਗਰੀ) ਦੇ ਖਪਤਕਾਰਾਂ (ਜਿਨ੍ਹਾਂ ਵਿੱਚ ਉਹ ਕੈਟਾਗਰੀਆਂ ਸ਼ਾਮਲ ਨਹੀਂ ਹਨ, ਜਿਨ੍ਹਾਂ ਤਾ ਜਿਕਰ ਪੈਰ੍ਹਾਂ 1 ਦੇ ਸਬ ਪੈਰ੍ਹਾ (ੲ) ਅਧੀਨ ਟੇਬਲ ਦੇ ਲੜੀ ਨੰ: 2 ਤੇ ਕੀਤਾ ਗਿਆ ਹੈ) ਤੋਂ ਹੇਠ ਅਨੁਸਾਰ ਯੂਜਰ ਚਾਰਜ਼ਿਜ ਬਿਜਲੀ ਦੇ ਬਿਲਾਂ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਸੀ.ਪੀ.ਸੀ.ਐਲ) ਰਾਹੀਂ ਲਏ ਜਾਣਗੇ।

| | ਬਿਜਲੀ ਦੀ ਖਪਤ ਦੀ ਕੀਮਤ (excluding any other levies or duties ) ਪ੍ਰਤੀ ਮਹੀਨਾ | ਰਕਮ ਪ੍ਰਤੀ ਮਹੀਨਾਂ |
|---|---|---|
| 1 | 200 ਰੁਪਏ ਤੱਕ | 25 ਰੁਪਏ |
| 2 | 200 ਰੁਪਏ ਤੋਂ ਵੱਧ ਅਤੇ 1000 ਰੁਪਏ ਤੱਕ | 50 ਰੁਪਏ |
| 3 | 1000 ਰੁਪਏ ਤੋਂ ਵੱਧ ਅਤੇ 5000 ਰੁਪਏ ਤੱਕ | 150 ਰੁਪਏ |
| 4 | 5000 ਰੁਪਏ ਤੋਂ ਵੱਧ | 300 ਰੁਪਏ |

3) ਸਪੈਸ਼ਨ ਕੈਟਾਗਰੀ ਦੇ ਖਪਤਕਾਰਾਂ (ਜਿਨ੍ਹਾਂ ਦਾ ਜਿਕਰ ਪੈਰ੍ਹਾ 1 ਸਬ ਪੈਰ੍ਹਾ (ੲ) ਅਧੀਨ ਟੇਬਲ ਦੇ ਲੜੀ ਨੰ:2 ਤੇ ਕੀਤਾ ਗਿਆ ਹੈ) ਤੋਂ ਪ੍ਰਤੀ ਮਹੀਨਾ ਬਿਜਲੀ ਦੀ ਖਪਤ ਦੀ ਕੀਮਤ (excluding any other levies or duties ) ਦਾ 2 (ਦੋ) ਪ੍ਰਤੀਸ਼ਤ ਯੂਜਰ ਚਾਰਜ਼ਿਜ ਚਾਰਜ਼ਿਜ ਬਿਜਲੀ ਦੇ ਬਿਲਾਂ ਨਾਲ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਪੀ.ਸੀ.ਐਲ.) ਰਾਹੀਂ ਲਏ ਜਾਣਗੇ।

4) ਆਪਣੇ source ਤੋਂ ਪਾਣੀ ਦੀ ਸਪਲਾਈ ਵਾਲੇ ਖਪਤਕਾਰਾਂ ਤੋਂ ਸੀਵਰੇਜ਼/ਡਿਸਪੋਜ਼ਲ ਦੀ ਮੀਟਰ ਲਗਵਾਉਣ ਤੱਕ ਮੌਜੂਦਾ ਪ੍ਰਬੰਧ ਅਨੁਸਾਰ ਵਸੂਲੀ ਜਾਰੀ ਰਹੇਗੀ।

5) ਉਕਤ ਸਬ ਪੈਰ੍ਹਾ (3) ਅਨੁਸਾਰ ਪੀ.ਐਸ.ਪੀ.ਸੀ.ਐਲ. ਦੀ non residential supply ਕੈਟਾਗਰੀ ਦੇ ਖਪਤਕਾਰਾਂ ਵਿੱਚੋ ਅਜਿਹੇ ਖਪਤਕਾਰਾਂ, ਜਿਨ੍ਹਾਂ ਤੋਂ ਯੂਜਰ ਚਾਰਜ਼ਿਜ ਪ੍ਰਤੀਸ਼ਤਤਾ ਦੇ ਹਿਸਾਬ ਨਾਲ ਲਏ ਜਾਣੇ ਹਨ, ਦੀ ਪਹਿਚਾਣ ਸਬੰਧਤ ਅਰਬਨ ਲੋਕਲ ਬਾਡੀਜ਼ ਦੇ ਕਮਿਸ਼ਨਰ/ ਕਾਰਜਸਾਧਕ ਅਫਸਰ ਵੱਲੋਂ ਆਪਣੇ ਸਟਾਫ ਰਾਹੀਂ ਇੱਕ ਮਹੀਨੇ ਦੇ ਸਮੇਂ ਅੰਦਰ ਕਰਵਾ ਕੇ ਪੀ.ਐਸ.ਪੀ.ਸੀ.ਐਲ. ਦੇ ਸਬੰਧਤ ਅਧਿਕਾਰੀਆਂ ਨੂੰ ਸੂਚਿਤਕ ਕਰੇਗਾ। ਇਸ ਉਪਰੰਤ ਉਕਤ ਮੁਤਾਬਕ ਯੂਜ਼ਰਜ ਚਾਰਜਿਜ ਦੀ ਵਸੂਲੀ ਦਾ ਕੰਮ ਸ਼ੁਰੂ ਹੋ ਜਾਵੇਗਾ। **ਇਸ ਮੰਤਵ ਲਈ ਪੀ.ਐਸ.ਪੀ.ਸੀ.ਐਲ. ਵੱਲੋ ਹਰੇਕ ਅਰਬਨ ਲੋਕਲ ਬਾਡੀਜ਼ ਲਈ ਨੋਡਲ ਅਫਸਰ ਨਾਮਜ਼ਦ ਕੀਤੇ ਜਾਣਗੇ। ਨਗਰ ਨਿਗਮਾਂ ਲਈ ਨੋਡਲ ਅਫਸਰ ਘੱਟ ਤੋਂ ਘੱਟ ਨਿਗਰਾਨ ਇੰਜੀਨੀਅਰ ਰੈਂਕ ਦਾ ਹੋਵੇਗਾ।** ਨਗਰ ਕੌਸਲਾਂ ਅਤੇ ਨਗਰ ਪੰਚਾਇਤਾਂ ਲਈ ਨੋਡਲ ਅਫਸਰ,ਦਾ ਰੈਂਕ ਆਮ ਤੌਰ ਤੇ ਕਾਰਜਕਾਰੀ ਇੰਜੀਨੀਅਰ ਹੋਵੇਗਾ ਪਰ ਜਿੱਥੇ ਕਿਤੇ ਅਜਿਹੇ ਅਫਸਰ ਤੈਨਾਤ ਨਹੀਂ ਹਨ ਉਥੇ ਨੋਡਲ ਅਫਸਰ ਦਾ ਰੈਂਕ ਉਪ ਮੰਡਲ ਇੰਜੀਨੀਅਰ ਤੋਂ ਘੱਟ ਨਹੀਂ ਹੋਵੇਗਾ।

6) ਪੰਜਾਬ ਸਟੇਟ ਕਾਰਪੋਰੇਸ਼ਨ ਲਿਮਟਿਡ ਵੱਲੋਂ ਉਕਤ ਸਬ ਪੈਰ੍ਹਿਆਂ ਅਨੁਸਾਰ ਵਸੂਲ ਕੀਤੇ ਜਾਣ ਵਾਲੇ ਯੂਜਰ ਚਾਰਜ਼ਿਜ ਸਥਾਨਕ ਸਰਕਾਰ ਵਿਭਾਗ ਵੱਲੋ ਦਰਸਾਏ ਬੈਂਕ ਅਕਾਉਂਟ/ਅਕਾਉਂਟਾਂ ਵਿੱਚ ਹਰ ਦੂਸਰੇ ਮਹੀਨੇ (bi-monthly) ਜਮ੍ਹਾਂ ਕਰਵਾਏ ਜਾਣਗੇ। ਪੀ.ਐਸ.ਪੀ.ਸੀ.ਐਲ. ਵੱਲੋ ਸ਼ਹਿਰ ਵਾਰ/ਇਲਾਕੇ-ਵਾਰ ਖਪਤਕਾਰਾਂ ਅਤੇ ਉਨ੍ਹਾਂ ਤੋਂ ਕੀਤੀ ਵਸੂਲੀ ਦੀ ਸੂਚੀ ਵੀ ਦਿੱਤੀ ਜਾਵੇਗੀ।

7) ਪੀ.ਐਸ.ਪੀ.ਸੀ.ਐਲ.ਨੂੰ ਬਿਲਿੰਗ ਸੋਫਟਵੇਅਰ ਵਿੱਚ ਸੋਧ ਕਰਨ ਲਈ ਆਉਣ ਵਾਲਾ ਖਰਚਾ, ਸਟੇਸ਼ਨਰੀ ਅਤੇ ਹੋਰ ਜੁੜਵੇਂ ਖਰਚੇ ਦੇਣ ਸਬੰਧੀ ਸਥਾਨਕ ਸਰਕਾਰ ਵਿਭਾਗ ਅਤੇ ਉਰਜ਼ਾਂ ਵਿਭਾਗ ਵੱਲੋ ਆਪਸੀ ਵਿਚਾਰ-ਵਟਾਂਦਰੇ ਨਾਲ ਫੈਸਲਾ ਕੀਤਾ ਜਾਵੇਗਾ, ਜਿਨ੍ਹਾਂ ਨੂੰ ਅੰਤਿਮ ਤੌਰ ਤੇ ਪਰਵਾਨ ਕਰਨ ਦੇ ਅਧਿਕਾਰ ਮਾਨਯੋਗ ਮੁੱਖ ਮੰਤਰੀ ਜੀ ਨੂੰ ਹੋਣਗੇ।

8) ਪੀ.ਐਸ.ਪੀ.ਸੀ.ਐਲ. ਰਾਹੀਂ ਪ੍ਰਾਪਤ ਯੂਜਰ ਚਾਰਜ਼ਿਜ ਦੀ ਅੱਗੇ ਵਰਤੋਂ/ਵੰਡ ਕਰਨ ਦਾ ਕੰਮ ਸਥਾਨਕ ਸਰਕਾਰ ਵਿਭਾਗ ਵੱਲੋਂ ਕੀਤੇ ਜਾਵੇਗਾ ।

**(3) ਵਾਟਰ ਮੀਟਰ ਲੱਗਣ ਉਪਰੰਤ ਯੂਜਰ ਚਾਰਜ਼ਿਜ**

(ੳ) ਰਿਹਾਇਸ਼ ਕੈਟਾਗਰੀ ਅਤੇ ਗੈਰ ਰਿਹਾਇਸ਼ੀ ਕੈਟਾਗਰੀ (ਜਿਨ੍ਹਾਂ ਦਾ ਜਿਕਰ ਪੈਰ੍ਹਾਂ 2 ਦੇ ਸਬ ਪੈਰ੍ਹਾ (ਅ) ਦੇ ਲੜੀ ਨੰ: (1) ਅਤੇ (2) ਤੇ ਹੈ ਦੇ ਮੁਕੰਮਲ ਮੀਟਰ ਲੱਗ ਜਾਣ ਉਪਰੰਤ ਪਾਣੀ ਦੀ ਖਪਤ ਨੂੰ ਸੀਮਤ ਕਰਨ ਹਿੱਤ ਸਬੰਧਤ ਵੱਲੋ ਇਨ੍ਹਾਂ ਖਪਤਕਾਰਾਂ ਦੇ ਮੀਟਰਾ ਦੀ ਰੀਡਿੰਗ ਤੋਂ ਵੇਖਿਆ ਜਾਵੇਗਾ ਕਿ ਇੱਕ ਮਹੀਨੇ ਦੀ ਖਪਤ 20 ਕਿਲੋਲੀਟਰ ਤੱਕ ਹੀ ਸੀਮਤ ਹੋਵੇ। ਖਪਤਕਾਰਾਂ ਕੋਲੋਂ 20 ਕਿਲੋਲੀਟਰ ਤੱਕ ਪਾਣੀ ਦੀ ਵਰਤੋਂ ਲਈ ਕੋਈ ਯੂਜ਼ਰ ਚਾਰਜ਼ਿਜ ਨਹੀਂ ਲਏ ਜਾਣਗੇ।**ਖਪਤਕਾਰਾਂ ਵੱਲੋ ਇੱਕ ਮਹੀਨੇ ਵਿੱਚ ਪਾਣੀ ਦੀ 20 ਕਿਲੋਲੀਟਰ ਤੋਂ ਵੱਧ ਵਰਤੋਂ ਕੀਤੀ ਜਾਵੇਗੀ, ਉਨ੍ਹਾਂ ਤੋਂ 20 ਕਿਲੋਲੀਟਰ ਪਾਣੀ ਪ੍ਰਤੀ ਮਹੀਨਾ ਤੋਂ ਵੱਧ ਕੀਤੀ ਵਰਤੋਂ ਤੇ 7.60 ਰੁਪਏ (3.80 ਰੁਪਏ ਸੀਵਰੇਜ਼ ਲਈ) ਪ੍ਰਤੀ ਕਿਲੋਲੀਟਰ ਦੇ ਹਿਸਾਬ ਨਾਲ ਪਾਣੀ ਅਤੇ ਸੀਵਰੇਜ਼ ਯੂਜ਼ਰ ਚਾਰਜ਼ਿਜ ਸਬੰਧਤ ਸੰਸਥਾ ਵੱਲੋ ਆਪਣੇ ਆਪ ਵਸੂਲ ਕੀਤੇ ਜਾਣਗੇ।**

(ਅ) ਸਪੈਸ਼ਲ ਕੈਟਾਗਰੀ ਦੇ ਖਪਤਕਾਰਾਂ ਦੇ ਮੁਕੰਮਲ ਮੀਟਰ ਲੱਗ ਜਾਣ ਤੇ ਬਿਜਲੀ ਦੇ ਬਿਲਾਂ ਰਾਹੀਂ ਕੀਤੀ ਜਾਂਦੀ 2 (ਦੋ) ਪ੍ਰਤੀਸ਼ਤ ਕੁਲੈਕਸ਼ਨ ਬੰਦ ਕਰ ਦਿੱਤੀ ਜਾਵੇਗੀ ਅਤੇ ਖਪਤਕਾਰ ਦੇ ਮੀਟਰਾਂ ਦੀ ਰੀਡਿੰਗ ਦੇ ਹਿਸਾਬ ਨਾਲ ਖਪਤ ਤੇ 15.20 ਰੁਪਏ (7.60 ਰੁਪਏ ਪਾਣੀ ਲਈ ਅਤੇ 7.60 ਰੁਪਏ ਸੀਵਰੇਜ਼ ਲਈ) ਪ੍ਰਤੀ ਕਿਲੋਲੀਮਰ ਦੇ ਹਿਸਾਬ ਨਾਲ ਪਾਣੀ ਅਤੇ ਸੀਵਰੇਜ਼ ਯੂਜਰ ਚਾਰਜ਼ਿਜ ਸਬੰਧਤ ਸੰਸਥਾ ਵੱਲੋ ਵਸੂਲ ਕੀਤੇ ਜਾਣਗੇ।

(ੲ) ਇਸੇ ਤਰ੍ਹਾਂ ਆਪਣੇ source ਤੋਂ ਪਾਣੀ ਦੀ ਵਰਤੋਂ ਕਰਨ ਵਾਲੇ ਖਪਤਕਾਰਾਂ ਤੋਂ ਡਿਸਪੋਜ਼ਲ ਮੀਟਰ ਲੱਗ ਜਾਣ ਤੇ 7.60 ਰੁਪਏ ਪ੍ਰਤੀ ਕਿਲੋਲੀਟਰ ਨਾਲ ਯੂਜਰ ਚਾਰਜ਼ਿਜ ਸਬੰਧਤ ਸੰਸਥਾ ਵੱਲੋ ਵਸੂਲ ਕੀਤੇ ਜਾਣਗੇ।

**(4) ਵਾਟਰ ਮੀਟਰ ਨੀਤੀ ਲਾਗੂ ਕਰਨ ਦੀ ਕਾਰਵਾਈ ਦੇ ਕਦਮ**

(1)ਇਸ ਨੀਤੀ ਦੇ ਅਧਿਸੂਚਿਤ ਹੋਣ ਉਪਰੰਤ ਅਰਬਨ ਲੋਕਲ ਬਾਡੀਜ਼ ਅਤੇ ਪੀ.ਐਸ.ਪੀ.ਸੀ.ਐਸ.ਦੇ ਅਧਿਕਾਰੀਆਂ ਵੱਲੋ ਮੁੱਢਲੀ ਤਿਆਰੀ ਕੁੱਲ 2 ਮਹੀਨੇ ਵਿੱਚ ਮੁਕੰਮਲ ਕਰਨ ਉਪਰੰਤ ਬਿਜਲੀ ਦੇ ਬਿਲ ਭੇਜਣ ਦੇ ਅਗਲੇ ਸਾਈਕਲ ਤੋਂ, ਜ਼ੋ ਸਾਰੇ ਰਾਜ ਵਿੱਚ ਵੱਖ-ਵੱਖ ਹਨ, ਲਾਗੂ ਕੀਤਾ ਜਾਵੇਗਾ। ਜਿਸ ਮਿਤੀ ਤੋਂ ਉਪਰੋਕਤ ਅਨੁਸਾਰ ਖਪਤਕਾਰਾਂ ਤੋਂ ਯੂਜ਼ਰ ਚਾਰਾਜ਼ਿਜ ਦੀ ਵਸੂਲੀ ਚਾਲੂ ਹੋ ਜਾਵੇਗੀ, ਉਸ ਮਿਤੀ ਤੋਂ ਸਬੰਧਤ ਸੰਸਥਾਵਾਂ ਵੱਲੋ ਨਿਰਧਾਰਤ ਖਪਤਕਾਰਾਂ ਤੋਂ ਪਾਣੀ/ਸੀਵਰੇਜ਼ ਆਦਿ ਬਾਰੇ ਮੌਜੂਦਾ ਵਿਧੀ ਅਨੁਸਾਰ ਕੀਤੀ ਜਾ ਰਹੀ ਵਸੂਲੀ ਬੰਦ ਹੋ ਜਾਵੇਗੀ ਅਤੇ ਇਸ ਪਾਲਿਸੀ ਅਨੁਸਾਰ ਹੀ ਕਾਰਵਾਈ ਕੀਤੀ ਜਾਵੇਗੀ।

ਉਕਤ ਸਬੰਧੀ ਸਰਕਾਰ ਨੇ ਇਹ ਵੀ ਲਿਖਿਆ ਹੈ ਕਿ ਇਸ ਪਾਲਿਸੀ ਨੂੰ ਮਤੇ ਦੇ ਰੂਪ ਵਿੱਚ ਅਡਾਪਟ ਕਰਨ ਦੀ ਕਾਰਵਾਈ 15 ਦਿਨਾਂ ਦੇ ਅੰਦਰ ਅੰਦਰ ਮੁਕੰਮਲ ਕੀਤੀ ਜਾਵੇ। ਜਾਣਕਾਰੀ ਅਤੇ ਨੋਟੀਫਿਕੇਸ਼ਨ ਅਡਾਪਟ ਕਰਨ ਦੀ ਪ੍ਰਵਾਨਗੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਨੇ ਕਿਹਾ ਕਿ ਉਕਤ ਨੋਟੀਫਿਕੇਸ਼ਨ ਪੰਜਾਬ ਸਰਕਾਰ ਵੱਲੋਂ ਪਾਸ ਕੀਤਾ ਗਿਆ ਹੈ। ਪਰੰਤੂ ਇਸ ਵਿੱਚ ਲੜੀ ਨੰ: 8 ਤੇ ਦਰਜ਼ ਹੈ ਕਿ ਪੀ.ਐਸ.ਪੀ.ਸੀ.ਐਲ. ਰਾਹੀਂ ਪ੍ਰਾਪਤ ਯੂਜਰ ਚਾਰਜ਼ਿਜ ਦੀ ਅੱਗੇ ਵਰਤੋਂ/ਵੰਡ ਕਰਨ ਦਾ ਕੰਮ ਸਥਾਨਕ ਸਰਕਾਰ ਵਿਭਾਗ ਵੱਲੋਂ ਕੀਤਾ ਜਾਵੇਗਾ, ਜੋ ਕਿ ਠੀਕ ਨਹੀਂ ਹੈ। ਉਹਨਾਂ ਕਿਹਾ ਕਿ ਇਹ ਪੈਸੇ ਸਿੱਧੇ ਨਗਰ ਨਿਗਮ ਦੇ ਖਾਤੇ ਵਿੱਚ ਆਉਣੇ ਚਾਹੀਦੇ ਹਨ। ਇਸ ਗੱਲ ਦੀ ਤਾਇਦ ਸ਼੍ਰੀ ਜਗਰਾਜ ਸਿੰਘ, ਕੌਂਸਲਰ ਨੇ ਵੀ ਕੀਤੀ।

ਸ਼੍ਰੀ ਬਲਜੀਤ ਸਿੰਘ ਰਾਜੂ ਸਰਾਂ, ਕੌਂਸਲਰ ਨੇ ਕਿਹਾ ਕਿ ਜੋ ਸਲੈਬ ਦਿੱਤੀ ਗਈ ਹੈ, ਉਹ ਠੀਕ ਨਹੀਂ ਜਾਪਦੀ। ਉਹਨਾਂ ਰੇਟ ਸਲੈਬ ਨੂੰ ਠੀਕ ਕਰਨ ਦੀ ਮੰਗ ਕੀਤੀ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਨੇ ਕਿਹਾ ਕਿ ਜਿੰਨ੍ਹਾਂ ਦੁਕਾਨਾਂ ਤੇ ਪਾਣੀ/ਸੀਵਰੇਜ਼ ਦਾ ਕੋਈ ਕੁਨੈਕਸ਼ਨ ਨਹੀਂ, ਉਹਨਾਂ ਨੂੰ ਬਿਲ ਭਰਨ ਤੋਂ ਮਾਫੀ ਦਿੱਤੀ ਜਾਵੇ।

ਸ਼੍ਰੀ ਤਰਸੇਮ ਚੰਦ ਗੋਇਲ, ਸੀਨੀਅਰ ਡਿਪਟੀ ਮੇਅਰ ਨੇ ਕਿਹਾ ਕਿ ਨੋਟੀਫਿਕੇਸ਼ਨ ਮੁਤਾਬਿਕ ਮੀਟਰ ਖਪਤਕਾਰ ਵੱਲੋਂ ਲਗਵਾਇਆ ਜਾਵੇਗਾ। ਮੀਟਰ ਦੀ ਟੈਸਟਿੰਗ ਵੀ ਖਪਤਕਾਰ ਵੱਲੋਂ ਆਪਣੇ ਪੱਧਰ ਤੇ ਕਰਵਾਈ ਜਾਵੇਗੀ। ਇਸ ਨਾਲ ਆਮ ਪਬਲਿਕ ਦੀ ਖੱਜਲ ਖੁਆਰੀ ਵਧੇਗੀ। ਉਹਨਾਂ ਕਿਹਾ ਕਿ ਨਗਰ ਨਿਗਮ ਵੱਲੋਂ ਆਪਣੇ ਪੱਧਰ ਤੇ ਆਮ ਪਬਲਿਕ ਨੂੰ ਮੀਟਰ ਮੁੱਹਈਆ ਕਰਵਾਏ ਜਾਣ। ਟੈਸਟਿੰਗ ਜਾਂ ਮੀਟਰ ਖਰਾਬ ਹੋਣ ਦੀ ਦਸ਼ਾ ਵਿੱਚ ਨਿਗਮ ਵੱਲੋਂ ਕਾਰਵਾਈ ਕੀਤੀ ਜਾਵੇ।

**ਮਤਾ ਨੰਬਰ 114:** **ਪ੍ਰਵਾਨ ਹੈ।**

ਇਸ ਉਪਰੰਤ ਸ਼੍ਰੀ ਬੇਅੰਤ ਸਿੰਘ ਰੰਧਾਵਾ ਚਲੇ ਗਏ।

**ਏਜੰਡਾ ਨੰ: 6**

ਰਿਪੋਰਟ ਲੇਖਾ ਸ਼ਾਖਾ ਕਿ ਇਸ ਸਮੇਂ ਪੈਸਕੋ ਰਾਹੀਂ 10 ਕੰਪਿਊਟਰ ਆਪਰੇਟਰ ਅਤੇ ਦੂਜੇ ਠੇਕੇਦਾਰ ਰਾਹੀਂ 6 ਕੰਪਿਊਟਰ ਆਪਰੇਟਰ ਨਗਰ ਨਿਗਮ ਆਫਿਸ ਦੀਆਂ ਵੱਖ-ਵੱਖ ਬਰਾਂਚਾਂ ਵਿੱਚ ਕੰਮ ਕਰ ਰਹੇ ਹਨ। ਇਹਨਾਂ ਵਿੱਚੋਂ 7 ਕੰਪਿਊਟਰ ਆਪਰੇਟਰ ਪ੍ਰਾਪਰਟੀ ਟੈਕਸ ਸ਼ਾਖਾ ਵਿੱਚ, 2 ਮੇਅਰ ਆਫਿਸ, 2 ਬਰਥ ਐਂਡ ਡੈਥ ਸ਼ਾਖਾ, 1

ਸ਼ਿਕਾਇਤ ਸੈਲ, 1 ਪੀ.ਏ. ਆਫਿਸ, 1 ਵਰਕਸ ਸ਼ਾਖਾ, 1 ਓ.ਐਂਡ ਐਮ. ਸ਼ਾਖਾ ਅਤੇ 1 ਸਿਹਤ ਸ਼ਾਖਾ ਵਿੱਚ ਕੰਮ ਕਰ ਰਿਹਾ ਹੈ।

ਹੁਣ ਬਿਲਡਿੰਗ ਸ਼ਾਖਾ ਵੱਲੋਂ 2 ਅਤੇ ਸਿਹਤ ਸ਼ਾਖਾ ਵੱਲੋਂ 3 ਕੰਪਿਊਟਰ ਆਪਰੇਟਰਾਂ ਦੀ ਮੰਗ ਕੀਤੀ ਗਈ ਹੈ, 1 ਕੰਪਿਊਟਰ ਆਪਰੇਟਰ ਤੇ 15000/- ਰੁਪਏ ਪ੍ਰਤੀ ਮਹੀਨਾ ਖਰਚਾ ਆਉਂਦਾ ਹੈ। ਇਸ ਤਰ੍ਹਾਂ 5 ਕੰਪਿਊਟਰ ਆਪਰੇਟਰਾਂ ਤੇ ਇੱਕ ਮਹੀਨੇ ਵਿੱਚ 75000/- ਰੁਪਏ ਅਤੇ ਇੱਕ ਸਾਲ ਵਿੱਚ 900000/- ਰੁਪਏ ਖਰਚ ਆਵੇਗਾ। ਮੋਜੂਦਾ ਕੰਪਿਊਟਰ ਆਪਰੇਟਰਾਂ ਦਾ ਖਰਚਾ 28.80 ਲੱਖ ਰੁਪਏ ਪ੍ਰਤੀ ਸਾਲ ਹੈ। ਰਿਪੋਰਟ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 115: **ਪਾਸ ਕੀਤਾ ਗਿਆ ਕਿ ਨਿਗਮ ਵਿਖੇ ਸਟਾਫ ਦੀ ਭਰਪਾਈ ਕਰਨ ਖਾਤਰ ਪਹਿਲਾਂ ਤਿੰਨ ਮੈਂਬਰੀ ਸਬ-ਕਮੇਟੀ ਬਣਾਈ ਜਾਵੇ। ਦਫਤਰ ਵੱਲੋਂ ਸਟਾਫ ਦੀ ਮੰਗ ਪਹਿਲਾਂ ਬਣਾਈ ਗਈ ਸਬ-ਕਮੇਟੀ ਪਾਸ ਭੇਜੀ ਜਾਵੇ। ਸਬ-ਕਮੇਟੀ ਪਾਸੋਂ ਪਾਸ ਕਰਵਾਉਣ ਉਪਰੰਤ ਹੀ ਕੇਸ ਹਾਊਸ ਵਿੱਚ ਵਿਚਾਰਣ ਖਾਤਰ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਹ ਮੱਦ ਪੈਡਿੰਗ ਰੱਖੀ ਜਾਂਦੀ ਹੈ। ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**ਏਜੰਡਾ ਨੰ: 7**

ਰਿਪੋਰਟ ਲੇਖਾ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਮਤਾ ਨੰਬਰ 355 ਮਿਤੀ 08.10.2012 ਪਾਸ ਕੀਤਾ ਗਿਆ ਸੀ ਕਿ ਨਗਰ ਨਿਗਮ ਬਠਿੰਡਾ ਵਿਖੇ 12 ਲੀਡਿੰਗ ਫਾਇਰਮੈਨਾਂ ਦੀਆਂ ਆਸਾਮੀਆਂ ਦੀ ਰਚਨਾ ਕੀਤੀ ਜਾਵੇ। ਇਸ ਅਨੁਸਾਰ ਡਾਇਰੈਕਟਰ, ਸਥਾਨਕ ਸਰਕਾਰ ਜੀ ਨੂੰ ਪੱਤਰ ਲਿਖਿਆ ਗਿਆ ਸੀ। ਇਸਤੋਂ ਡਾਇਰੈਕਟਰ, ਸਥਾਨਕ ਸਰਕਾਰ ਜੀ ਵੱਲੋਂ ਆਪਣੇ ਪੱਤਰ ਮਿਤੀ 22.09.2014 ਰਾਹੀਂ 6 ਲੀਡਿੰਗ ਫਾਇਰਮੈਨਾਂ ਦੀ ਰਚਨਾ ਕੀਤੀ ਸੀ। ਇਸ ਅਨੁਸਾਰ 6 ਲੀਡਿੰਗ ਫਾਇਰਮੈਨਾਂ ਨੂੰ ਪਦ-ਉਨੱਤ ਕੀਤਾ ਗਿਆ ਸੀ। ਹੁਣ ਬਾਕੀ ਲੀਡਿੰਗ ਫਾਇਰਮੈਨਾਂ ਦੀ ਬੇਨਤੀ ਤੇ ਨਗਰ ਨਿਗਮ ਵੱਲੋਂ ਪੱਤਰ ਨੰਬਰ 4169 ਮਿਤੀ 01.12.2015 ਰਾਹੀਂ 6 ਹੋਰ ਆਸਾਮੀਆਂ ਦੀ ਰਚਨਾ ਕਰਨ ਲਈ ਬੇਨਤੀ ਕੀਤੀ ਗਈ ਸੀ। ਇਸਤੇ ਸਰਕਾਰ ਵੱਲੋਂ ਆਪਣੇ ਪੱਤਰ ਨੰਬਰ 5ਡਸਸਸ-ਟਸਸ-2015/55152 ਮਿਤੀ 30.12.2015 ਰਾਹੀਂ ਲਿਖਿਆ ਹੈ ਕਿ ਨਗਰ ਨਿਗਮ ਬਠਿੰਡਾ ਵਿਖੇ ਲੀਡਿੰਗ ਫਾਇਰਮੈਨਾਂ ਦੀਆਂ ਆਸਾਮੀਆਂ ਦੀ ਰਚਨਾ ਕਰਨ ਸਬੰਧੀ ਹਾਊਸ ਨਗਰ ਨਿਗਮ ਤੋਂ ਨਵਾਂ ਮਤਾ ਪਾਸ ਕਰਵਾ ਕੇ ਤਜਵੀਜ ਭੇਜੀ ਜਾਵੇ। ਇਸ ਸਬੰਧੀ ਰਿਪੋਰਟ ਹੈ ਕਿ ਨਗਰ ਨਿਗਮ ਫਾਇਰ ਬ੍ਰਿਗੇਡ ਵਿਖੇ 6 ਫਾਇਰ ਯੂਨਿਟ, ਇੱਕ ਫਾਇਰ ਜੀਪ ਅਤੇ ਇੱਕ ਐਬੂਲੈਂਸ ਹੈ। ਬਠਿੰਡਾ ਸ਼ਹਿਰ ਕਾਟਨ ਬੈਲਟ ਵਿਖੇ ਸਥਿਤ ਹੈ। ਬਠਿੰਡਾ ਸ਼ਹਿਰ ਵਿੱਚ ਅਤੇ ਆਸਪਾਸ 4 ਥਰਮਲ ਪਲਾਂਟ, ਇੱਕ ਖਾਦ ਫੈਕਟਰੀ, ਇੱਕ ਰਿਫਾਇਨਰੀ ਅਤੇ ਤੇਲ ਡਿਪੂ ਦੇ ਨਾਲ ਹੋਰ ਬਹੁਤ ਇੰਡਸਟਰੀ ਹੈ। ਇਸ ਲਈ ਇੱਥੇ ਫਾਇਰ ਸਟਾਫ ਦੀ ਬਹੁਤ ਲੋੜ੍ਹ ਹੈ। ਇਸ ਅਨੁਸਾਰ 6 ਹੋਰ ਲੀਡਿੰਗ ਫਾਇਰਮੈਨ ਆਸਾਮੀਆਂ ਦੀ ਰਚਨਾ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 116: **ਪਾਸ ਕੀਤਾ ਗਿਆ ਕਿ ਨਿਗਮ ਵਿਖੇ ਸਟਾਫ ਦੀ ਭਰਪਾਈ ਕਰਨ ਖਾਤਰ ਪਹਿਲਾਂ ਤਿੰਨ ਮੈਂਬਰੀ ਸਬ-ਕਮੇਟੀ ਬਣਾਈ ਜਾਵੇ। ਦਫਤਰ ਵੱਲੋਂ ਸਟਾਫ ਦੀ ਮੰਗ ਪਹਿਲਾਂ ਬਣਾਈ ਗਈ ਸਬ-ਕਮੇਟੀ ਪਾਸ ਭੇਜੀ ਜਾਵੇ। ਸਬ-ਕਮੇਟੀ ਪਾਸੋਂ ਪਾਸ ਕਰਵਾਉਣ ਉਪਰੰਤ ਹੀ ਕੇਸ ਹਾਊਸ ਵਿੱਚ ਵਿਚਾਰਣ ਖਾਤਰ ਪੇਸ਼ ਕੀਤਾ ਜਾਵੇ। ਤੱਦ ਤੱਕ ਲਈ ਇਹ ਮੱਦ ਪੈਡਿੰਗ ਰੱਖੀ ਜਾਂਦੀ ਹੈ।ਸਬ-ਕਮੇਟੀ ਬਨਾਉਣ ਦੇ ਅਧਿਕਾਰ ਮਾਨਯੋਗ ਮੇਅਰ ਸਾਹਿਬ ਨੂੰ ਦਿੱਤੇ ਜਾਂਦੇ ਹਨ।**

**ਏਜੰਡਾ ਨੰ: 8**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਉਪ ਮੰਡਲ ਅਫਸਰ, ਕਮਰਸ਼ੀਅਲ-2 ਸਿਟੀ ਬਠਿੰਡਾ ਵੱਲੋਂ ਸੰਜੇ ਨਗਰ ਵਿਖੇ ਪੋਲ ਅਤੇ ਪਿੱਲਰ ਬਾਕਸ ਸ਼ਿਫਟ ਕਰਨ ਦਾ ਪੱਤਰ ਪ੍ਰਾਪਤ ਹੋਇਆ ਹੈ, ਜਿਸ ਵਿੱਚ ਵਧੀਕ ਨਿਗਰਾਨ ਇੰਜੀਨੀਅਰ ਬਠਿੰਡਾ ਜੀ ਵੱਲੋਂ ਪੋਲ ਪਿੱਲਰ ਬੋਕਸ ਸ਼ਿਫਟ ਕਰਨ ਦਾ ਤਖਮੀਨਾ ਨੰ: 53379/1576 ਦੁਆਰਾ ਮੁਬਲਿਗ 129541/- ਰੁਪਏ ਦੀ ਰਕਮ ਜਮਾਂ ਕਰਾਉਣ ਲਈ ਲਿਖਿਆ ਗਿਆ ਹੈ। ਇਸ ਲਈ ਸੰਜੇ ਨਗਰ ਵਿਖੇ ਪੋਲ ਅਤੇ ਪਿੱਲਰ ਬੋਕਸ ਸ਼ਿਫਟ ਕਰਨ ਲਈ ਆਉਣ ਵਾਲੇ ਖਰਚੇ ਮੁਬਲਿਗ 129541/- ਰੁਪਏ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮਤਾ ਨੰਬਰ 117: **ਪ੍ਰਵਾਨ ਹੈ।**

**ਏਜੰਡਾ ਨੰ: 9**

ਰਿਪੋਰਟ ਸਟਰੀਟ ਲਾਈਟ ਸ਼ਾਖਾ ਕਿ ਨਗਰ ਨਿਗਮ ਬਠਿੰਡਾ ਵੱਲੋਂ ਆਮ ਲੋਕਾਂ ਨੂੰ ਭਰੋਸੇ ਵਿੱਚ ਲੈ ਕੇ ਪਰਸ ਰਾਮ ਨਗਰ ਮੇਨ ਰੋਡ ਅਤੇ ਬੱਲਾ ਰਾਮ ਨਗਰ, ਗਲੀ ਨੰ: 10 ਨੂੰ ਚੌੜ੍ਹਾ ਕੀਤਾ ਜਾ ਰਿਹਾ ਹੈ। ਸੜ੍ਹਕਾਂ ਦੀ ਚੌੜ੍ਹਾਈ ਵੱਧਣ ਕਾਰਨ ਪਹਿਲਾਂ ਲੱਗੇ ਬਿਜਲੀ ਦੇ ਖੰਭੇ ਸੜ੍ਹਕ ਦੇ ਵਿਚਕਾਰ ਆ ਗਏ ਹਨ। ਇਹਨਾਂ ਨੂੰ ਸਾਈਡ ਤੇ ਕਰਨਾ ਜਰੂਰੀ ਹੈ, ਜਿਸ ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਨਾਲ ਤਾਲਮੇਲ ਕੀਤਾ ਗਿਆ। ਉਹਨਾਂ ਵੱਲੋਂ ਇਹਨਾਂ ਪੋਲਾਂ ਨੂੰ ਸ਼ਿਫਟ ਕਰਨ ਲਈ ਤਖਮੀਨਾ ਤਿਆਰ ਕੀਤਾ ਜਾ ਰਿਹਾ ਹੈ। ਕੰਮ ਦੀ ਮਹੱਤਤਾ ਨੂੰ ਮੁੱਖ ਰਖਦੇ ਹੋਏ ਇਹ ਕੰਮ ਕਰਵਾਉਣਾ ਅਤਿ ਜਰੂਰੀ ਹੈ। ਇਸ ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਵੱਲੋਂ ਜੋ ਵੀ ਤਖਮੀਨਾ ਬਣ ਕੇ ਆਵੇਗਾ ਅਤੇ ਇਸ ਸਬੰਧੀ ਆਉਣ ਵਾਲੇ ਖਰਚੇ ਲਈ ਜੋ ਫੰਡਾਂ ਦੀ ਮੰਗ ਕੀਤੀ ਜਾਵੇਗੀ, ਲਈ ਪ੍ਰਵਾਨਗੀ ਲੋੜੀਂਦੀ ਹੈ।

ਸੋ ਉਪਰੋਕਤ ਸੜ੍ਹਕਾਂ ਉਪਰ ਤਖਮੀਨੇ ਅਨੁਸਾਰ ਪੋਲਾਂ ਨੂੰ ਸ਼ਿਫਟ ਕਰਨ ਅਤੇ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ: ਪਾਸ ਰਕਮ ਜਮਾਂ ਕਰਵਾਉਣ ਦੀ ਪ੍ਰਵਾਨਗੀ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 118:** ਪ੍ਰਵਾਨ ਹੈ।

**ਏਜੰਡਾ ਨੰ: 10**

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ, ਲੇਖਾਕਾਰ, ਦਰਜ਼ਾ-2 ਆਪਣੀ 58 ਸਾਲ ਦੀ ਉਮਰ ਪੂਰੀ ਹੋਣ ਉਪਰੰਤ ਦੂਜੇ ਸਾਲ ਦੇ ਵਾਧੇ ਤੇ ਹਨ। ਦੂਜੇ ਸਾਲ ਦਾ ਵਾਧਾ ਮਿਤੀ 31.01.2016 ਨੂੰ ਖਤਮ ਹੋ ਜਾਵੇਗਾ। ਉਸ ਉਪਰੰਤ ਇਹਨਾਂ ਨੂੰ ਫਾਰਗ ਕਰਨਾ ਪਵੇਗਾ। ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਵੱਲੋਂ ਕਾਫੀ ਕੰਮ ਸੰਭਾਲਿਆ ਹੋਇਆ ਹੈ, ਜਿੰਨ੍ਹਾਂ ਵਿੱਚ ਮਿਉਂਸਪਲ ਫੰਡ, ਵੱਖ-ਵੱਖ ਗਰਾਂਟਾਂ ਅਤੇ ਹੋਰ ਫੰਡਜ਼ ਦੀਆਂ ਕੈਸ਼ ਬੁੱਕਾਂ, ਕਲਾਸੀਫਾਈਡ ਮੈਨਟੇਨ ਕੀਤੇ ਜਾਂਦੇ ਹਨ। ਉਹਨਾਂ ਪਾਸ ਬਜਟ ਅਤੇ ਹੋਰ ਸਾਰਾ ਸਟੇਟਮੈਂਟ ਵਰਕ ਵੀ ਹੈ। ਚੈਕ ਜਾਰੀ ਕਰਨਾ ਅਤੇ ਬਿਲ ਪਾਸ ਕਰਨਾ ਵੀ ਉਹਨਾਂ ਵੱਲੋਂ ਕੀਤਾ ਜਾਂਦਾ ਹੈ। ਨਗਰ ਨਿਗਮ ਬਠਿੰਡਾ ਵਿਖੇ ਕੋਈ ਲੇਖਾ ਕਲੱਰਕ ਨਹੀਂ ਹੈ ਅਤੇ ਕਲੱਰਕਾਂ ਦੀ ਭਾਰੀ ਘਾਟ ਹੈ। ਦੂਸਰੀ ਲੇਖਾਕਾਰ ਸ਼੍ਰੀਮਤੀ ਪ੍ਰੇਮਲਤਾ ਵੀ ਵਾਧੇ ਤੇ ਹਨ ਅਤੇ ਉਸਦੀ ਰਿਟਾਇਰਮੈਂਟ ਵੀ ਸਿਰਫ 4 ਮਹੀਨੇ ਬਾਦ ਹੀ ਹੈ। ਸ਼੍ਰੀਮਤੀ ਪ੍ਰੇਮਲਤਾ ਪਾਸ ਅਮਲਾ ਤੇ ਬਿਜਲੀ ਬਿਲਾਂ ਸਬੰਧੀ ਸਾਰਾ ਕੰਮ ਹੈ। ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਨੂੰ ਫਾਰਗ ਕਰਨ ਤੇ ਇੱਕ ਦੱਮ ਹੀ ਕੰਮ ਤੇ ਬਹੁਤ ਅਸਰ ਪੈ ਜਾਵੇਗਾ। ਇਸ ਲਈ ਬੇਨਤੀ ਹੈ ਕਿ ਨਗਰ ਨਿਗਮ ਦੇ ਕੰਮ ਕਾਜ਼ ਨੂੰ ਮੁੱਖ ਰਖਦੇ ਹੋਏ ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਨੂੰ ਮਿਤੀ 31.01.2016 ਤੋਂ ਬਾਦ ਇੱਕ ਸਾਲ ਦੇ ਸਮੇਂ ਲਈ ਠੇਕੇ ਦੇ ਆਧਾਰ ਤੇ ਰੱਖਿਆ ਜਾਵੇ। ਸ਼੍ਰੀ ਰਾਮੇਸ਼ਵਰ ਚੰਦਰ ਕਾਲੀਆ ਨੂੰ ਲੇਖਾ ਕਲੱਰਕ ਦੀ ਖਾਲੀ ਆਸਾਮੀ ਵਿਰੁੱਧ 20000/- ਰੁਪਏ ਪ੍ਰਤੀ ਮਹੀਨਾ ਯਕਮੁਸ਼ਤ ਰਕਮ ਤੇ ਇੱਕ ਸਾਲ ਦੇ ਸਮੇਂ ਲਈ ਰੱਖਿਆ ਜਾਵੇ। ਐਫ.ਐਂਡ ਸੀ.ਸੀ. ਵੱਲੋਂ ਆਪਣੇ ਮਤਾ ਨੰਬਰ 49 ਮਿਤੀ 11.01.2016 ਰਾਹੀਂ ਹਾਊਸ ਤੋਂ ਪ੍ਰਵਾਨਗੀ ਦੀ ਆਸ ਵਿੱਚ 2 ਮਹੀਨੇ ਲਈ ਪੈਸਕੋ ਰਾਹੀਂ ਰੱਖਣਾ ਪਾਸ ਕੀਤਾ ਸੀ। ਕੇਸ ਹਾਊਸ ਦੀ ਜਾਣਕਾਰੀ ਹਿੱਤ।

**ਮਤਾ ਨੰਬਰ 119:** ਪ੍ਰਵਾਨ ਹੈ।

## ਇਸ ਉਪਰੰਤ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ

**ਏਜੰਡਾ ਨੰ: 1**

ਰਿਪੋਰਟ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੇ ਰਿਪੋਰਟ ਕੀਤੀ ਹੈ ਕਿ "The PMIDC has allotcated Rs. 60.00 lac only for strengthening of infrastructure for sanitation under SBM out of Rs. 60.00 lac. Rs. 30.00 lac has been allocated for purchase of three tractor trollys. The tractor are available on DGS&D rates. The CE, SBM, Mr. Dhaliwal has suggested to purchase Mahindra 265DI MKM (Bhoomiputra) model. The offer for this tractor has been received from the Company. The offer price per tractor is Rs. 418214/- The cost of three tractors is Rs. 1254642/-. As per condition of the offer, advance payment is to be made. This money shall be recouped from SBM funds after receipt. ਇਸਤੇ ਸਟੋਰਕੀਪਰ ਨੇ ਰਿਪੋਰਟ ਕੀਤੀ ਹੈ ਕਿ ਕਿ ਸਵੱਛ ਭਾਰਤ ਮਿਸ਼ਨ ਦੇ ਫੰਡ ਵਿੱਚੋਂ ਤਿੰਨ ਨਵੇਂ ਟ੍ਰੈਕਟਰ ਡੀ.ਜੀ.ਐਸ.ਐਂਡ ਡੀ ਰੇਟਾਂ ਤੇ ਖਰੀਦ ਕਰਨ ਲਈ ਆਉਣ ਵਾਲੇ ਖਰਚੇ ਮੁਬਲਿਗ 1254642/- ਰੁਪਏ ਦੀ ਐਡਵਾਂਸ ਪੈਮੇਂਟ ਕੰਪਨੀ ਨੂੰ ਕਰਨ ਸਬੰਧੀ ਬਿਲ ਆਡਿਟ ਸ਼ਾਖਾ ਵਿਖੇ ਪੇਸ਼ ਕੀਤਾ ਗਿਆ ਤਾਂ ਉਹਨਾਂ ਵੱਲੋਂ ਇਸ ਬਿਲ ਦੇ ਨਾਲ ਪ੍ਰਸ਼ਾਸਕੀ ਪ੍ਰਵਾਨਗੀ ਨਾਲ ਨੱਥੀ ਕਰਨ ਲਈ ਕਿਹਾ ਗਿਆ ਹੈ। ਇਸਦੇ ਸਬੰਧ ਵਿੱਚ ਡੀ.ਜੀ.ਐਸ਼.ਐਂਡ ਡੀ. ਰੇਟਾਂ ਤੇ ਟ੍ਰੈਕਟਰ ਖਰੀਦ ਕਰਨ ਅਤੇ ਇਸ ਉਪਰ ਆਉਣ ਵਾਲੇ ਖਰਚੇ ਦੀ ਪ੍ਰਵਾਨਗੀ ਹਾਸਲ ਕਰਨ ਲਈ ਕੇਸ ਮਾਨਯੋਗ ਹਾਊਸ ਨੂੰ ਭੇਜਣਾ ਯੋਗ ਹੋਵੇਗਾ, ਤਾਂ ਜੋ ਪ੍ਰਸ਼ਾਸਕੀ ਪ੍ਰਵਾਨਗੀ ਦੇਣ ਉਪਰੰਤ ਟ੍ਰੈਕਟਰ ਖਰੀਦ ਕਰਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਇਸ ਸਬੰਧੀ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ "The allocated funds of Rs. 60.00 lacs are not received so far, for information please. Further, funds under SBM are sent by GOI through PMIDC frequently. The meeting of House is held after considerable interval of time. The funds received under SBM are always specific activities based. It is, therefore, rqusted that Worthy CMC may be given the right to approve the expenditure of SBM through one general House resolution. ਰਿਪੋਰਟ ਹਾਊਸ ਦੇ ਵਿਚਾਰ ਹਿੱਤ।

**ਮਤਾ ਨੰਬਰ 120:** ਪ੍ਰਵਾਨ ਹੈ

ਸਹੀ/-
ਮੇਅਰ
ਨਗਰ ਨਿਗਮ, ਬਠਿੰਡਾ।